# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੦: ਗਭੀਰਾ (ਗਹਿਰਾਈ)

ਗਭੀਰਾ, ਗਹਿਰਾਈ, ਉਹ ਇਕਾਗਰ ਬਿਰਤੀ ਵਾਲੇ ਸੰਤ ਹਨ ਜਿਨ੍ਹਾਂ ਦੀ ਗਹਿਰੀ ਨਜ਼ਰ ਨਾਲ ਅਸਰਦਾਰ ਅਮਲਾਂ ਲਈ ਲੋੜੀਂਦੇ ਫ਼ੈਸਲੇ ਕਰਨੇ ਸੁਖਾਲੇ ਹੁੰਦੇ ਹਨ। 'ਢਾਕੇਸ਼ਵਰੀ' ਦੇ ਸ਼ਹਿਰ ਵਿੱਚ ਗੁਰੂ ਨਾਨਕ ਦਾ ਸੁਆਗਤ ਸੁੰਦਰਬਨ ਡੈਲਟਾ ਦੇ ਵਾਸੀਆਂ ਨੇ ਕੀਤਾ।

ਨਾਨਕੁ ਆਖੈ ਏਹੁ ਬੀਚਾਰੁ॥
ਸਿਫਤੀ ਗੰਢੁ ਪਵੈ ਦਰਬਾਰਿ॥
(ਰਾਗ ਮਾਝ, ਗੁਰੂ ਨਾਨਕ)

ਨਾਨਕ ਨੇ ਇਹ ਵਿਚਾਰ ਸਾਂਝਾ ਕੀਤਾ।
ਸ਼ੁਕਰਾਨੇ ਦੀ ਗੰਢ ਬੰਨ੍ਹ ਕੇ ਸਿਫ਼ਤੀ ਦਾ ਰਾਹ ਮਿਲਦਾ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਉਪ-ਬੋਲੀਆਂ ਦਾ ਵੀ ਇਸਤੇਮਾਲ ਕੀਤਾ ਤਾਂ ਜੋ ਆਮ ਇਨਸਾਨ ਨਾਲ ਰਾਬਤਾ ਕਾਇਮ ਕੀਤਾ ਜਾ ਸਕੇ। ਉਨ੍ਹਾਂ ਦੇ ਆਲਮੀ ਅਤੇ ਇਨਸਾਨੀ ਸੁਨੇਹੇ ਦਾ ਨਤੀਜਾ ਸੀ ਕਿ ਮੁਖ਼ਤਲਿਫ਼ ਸਕਾਫ਼ਤੀ, ਮਜ਼ਹਬੀ ਪਿਛੋਕੜ ਅਤੇ ਵੱਖ-ਵੱਖ ਬੋਲੀਆਂ ਬੋਲਣ ਵਾਲੇ ਲੋਕ ਉਨ੍ਹਾਂ ਦੇ ਫ਼ਲਸਫ਼ੇ ਦੀ ਬੁੱਕਲ ਵਿੱਚ ਆਉਣ ਲੱਗੇ।

ਸੋਨਪੁਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੁੰਗੇਰ, ਭਾਗਲਪੁਰ, ਕੰਤ ਨਗਰ, ਮਾਲਦਾ, ਢਾਕਾ ਅਤੇ ਢੁਬਰੀ ਰਾਹੀਂ ਗੋਵਾਹਾਟੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸੋਨਪੁਰ ਤੋਂ ਗੰਗਾ ਨਦੀ ਵਿੱਚ ਕਿਸ਼ਤੀ ਰਾਹੀਂ ਮੁੰਗੇਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਸਫ਼ਰ ਦੀਆ ਪੈੜਾਂ ਉੱਤੇ ਅਸੀਂ ਮੁੰਗੇਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੰਗਾ ਨਦੀ ਦੇ ਕਿਨਾਰੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੁੰਗੇਰ ਵਿੱਚ ਕੰਗਨ ਘਾਟ ਉੱਤੇ ਕਿਆਮ ਕੀਤਾ।

ਸੱਤਵੀਂ ਸਦੀ ਦੇ ਚੀਨੀ ਮੁਸਾਫ਼ਰ ਹਿਊਨ ਸਾਂਗ ਨੇ ਆਪਣੇ ਸਫ਼ਰਨਾਮੇ ਵਿੱਚ ਦਰਜ ਕੀਤਾ ਹੈ ਕਿ ਉਸ ਨੇ ਮੁੰਗੇਰ ਵਿੱਚ ਬਹੁਤ ਸਾਰੇ ਬੁੱਧ ਮੱਠ ਅਤੇ ਮੰਦਿਰ ਦੇਖੇ। ਮੁੰਗੇਰ ਦੇ ਲੋਕ ਸ਼ਿਵ ਅਤੇ ਸ਼ਕਤੀ ਦੀ ਪੁਰਜੋਸ਼ ਪੂਜਾ ਕਰਦੇ ਸਨ। ਇਸ ਇਲਾਕੇ ਵਿੱਚ ਇਸਲਾਮ ਦੀ ਆਮਦ ਤੁਰਕ ਹੁਕਮਰਾਨ ਦੀ ਬਦੌਲਤ ਤੇਰ੍ਹਵੀਂ ਸਦੀ ਵਿੱਚ ਹੋਈ।

ਮੁੰਗੇਰ ਵਿੱਚ ਸਿੱਖ ਬਰਾਦਰੀ ਦੀ ਛੋਟੀ ਜਿਹੀ ਆਬਾਦੀ ਹੈ। ਇਹ ਲੋਕ ੧੯੪੭ ਦੀ ਵੰਡ ਦੇ ਉਜਾੜੇ ਤੋਂ ਬਾਅਦ ਇਸ ਥਾਂ ਆਬਾਦ ਹੋਏ ਸਨ।

ਮੁਕਾਮੀ ਲੋਕਾਂ ਨੇ ਦੱਸਿਆ ਕਿ ਪਹਿਲਾਂ ਉਦਾਸੀ ਸੰਪ੍ਰਦਾਇ ਨੇ ਗੁਰੂ ਨਾਨਕ ਦੇ ਨਾਮ ਉੱਤੇ ਗੰਗਾ ਨਦੀ ਦੇ ਕਿਨਾਰੇ ਵੱਡਾ ਅਸਥਾਨ ਬਣਾਇਆ ਹੋਇਆ ਸੀ। ਉਹ ਅਸਥਾਨ ਹੜ੍ਹ ਵਿੱਚ ਰੁੜ੍ਹ ਗਿਆ ਸੀ।

ਅਸੀਂ ਬੇਲਣ ਬਾਜ਼ਾਰ ਵਿੱਚ ਗੁਰੂ ਨਾਨਕ ਅਤੇ ਗੁਰੂ ਤੇਗ਼ ਬਹਾਦੁਰ ਦੀ ਮੁੰਗੇਰ ਆਮਦ ਦੀ ਯਾਦ ਵਿੱਚ ਬਣਿਆ ਅਸਥਾਨ ਦੇਖਣ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸੰਗਤ ਦੇ ਜੋੜ-ਮੇਲ ਲਈ ਬਣੇ ਇਸ ਅਸਥਾਨ ਨੂੰ ਗੁਰਦਵਾਰਾ ਪੱਕੀ ਸੰਗਤ ਕਿਹਾ ਜਾਂਦਾ ਹੈ। ਉਦਾਸੀ ਸੰਪ੍ਰਦਾਇ ਨੇ ਗੁਰੂ ਨਾਨਕ ਦੀ ਮੁੰਗੇਰ ਵਿੱਚ ਆਮਦ ਦੀ ਯਾਦਗਾਰ ਵਜੋਂ ਇਹ ਅਸਥਾਨ ਬਣਾਇਆ ਸੀ।

ਇਹ ਪੁਰਾਤਨ ਅਸਥਾਨ ਬਾਬਾ ਪਰਦੇਸ਼ੀ ਰਾਮ ਜੀ ਉਦਾਸੀ ਨੇ ਬਣਵਾਇਆ ਸੀ। ਜਦੋਂ ਇਹ ੧੯੩੪ ਦੇ ਭੂਚਾਲ ਵਿੱਚ ਢਹਿ ਗਿਆ ਤਾਂ ੧੯੩੫ ਵਿੱਚ ਬਾਬਾ ਰਾਮਦਾਸ ਜੀ ਉਦਾਸੀ ਨੇ ਇਸ ਦੀ ਮੁੜ ਤੋਂ ਉਸਾਰੀ ਕਰਵਾਈ। ਸਾਨੂੰ ਦੱਸਿਆ ਗਿਆ ਕਿ ਹੁਣ ਭਾਰਤੀ ਫ਼ੌਜ ਦੇ ਸਿੱਖ ਫ਼ੌਜੀਆਂ ਦੀ ਸੰਗਤ ਇਸ ਅਸਥਾਨ ਉੱਤੇ ਜੁੜਦੀ ਹੈ। ਇੱਕ ਮੁਕਾਮੀ ਪਰਿਵਾਰ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦਾ ਹੈ ਜਿਸ ਦਾ ਪਿਛੋਕੜ ਉਦਾਸੀ ਸੰਪ੍ਰਦਾਇ ਨਾਲ ਜੁੜਦਾ ਹੈ। ਇਸ ਪਰਿਵਾਰ ਦੀ ਮੌਜੂਦਾ ਪੀੜ੍ਹੀ ਨੂੰ ਗੁਰਮੁਖੀ ਪੜ੍ਹਨੀ ਨਹੀਂ ਆਉਂਦੀ ਪਰ ਉਹ ਹਫ਼ਤਾਵਾਰੀ ਸੰਗਤ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗਾਇਨ ਰਾਹੀਂ ਬਾਣੀ ਨੂੰ ਸਮਝਣ ਦਾ ਉਪਰਾਲਾ ਕਰਦੇ ਹਨ।

ਗੁਰੂ ਨਾਨਕ ਦੀ ਬਾਣੀ ਵਿੱਚ 'ਸ਼ਬਦ' ਅਤੇ 'ਨਾਮ' ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਪਾਠ ਅਤੇ ਸਮਝ ਦੀ ਖ਼ਸਲਤ ਬਾਰੇ ਮੈਂ ਸੋਚਦਾ ਹਾਂ ਕਿ ਸਾਡੇ ਵਿੱਚੋਂ ਕਿੰਨੇ ਲੋਕ, ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹੋਏ ਇਸ ਦੇ ਗਹਿਰੇ ਸ਼ਬਦਾਂ ਦੀ ਥਾਹ ਪਾਉਂਦੇ ਹਨ।

ਭਵਜਲੁ ਬਿਨੁ ਸਬਦੈ ਕਿਉ ਤਰੀਐ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥
(ਰਾਗ ਭੈਰਉ, ਗੁਰੂ ਨਾਨਕ)

ਗਿਆਨ ਤੋਂ ਬਿਨਾਂ ਭਵਜਲ ਪਾਰ ਨਹੀਂ ਕੀਤਾ ਜਾ ਸਕਦਾ।
ਰੂਹਾਨੀ ਵਿਵੇਕ ਤੋਂ ਬਿਨਾਂ ਦੁਨੀਆ ਦੁਬਿਧਾ ਰੋਗ ਦੀ ਲਪੇਟ ਵਿੱਚ ਹੈ। ਇਹ ਸ਼ੰਕਿਆਂ ਵਿੱਚ ਡੁੱਬੀ ਹੈ ਅਤੇ ਗਰਕ ਹੋ ਰਹੀ ਹੈ।
(ਰਾਗ ਭੈਰਉ, ਗੁਰੂ ਨਾਨਕ)


ਈਮੇਲ: **onenessindiversityfoundation@gmail.com**

'ਸ਼ਬਦ' ਦਾ ਮਾਅਨਾ ਗਿਆਨ ਹੈ ਜੋ ਸੰਵਾਦ ਦਾ ਸਾਧਨ ਬਣਦਾ ਹੈ ਅਤੇ ਜਿਸ ਰਾਹੀਂ ਆਤਮ-ਪੜਚੋਲ ਵਾਲਾ ਵਿਵੇਕ ਅਮਲ ਵਿੱਚ ਆਉਂਦਾ ਹੈ। 'ਸ਼ਬਦ' ਕਿਸ਼ਤੀ ਅਤੇ 'ਨਾਮ' ਚੱਪੂ ਹਨ ਜੋ ਭਵਜਲ ਪਾਰ ਕਰਨ ਵਿੱਚ ਸਹਾਈ ਹੁੰਦੇ ਹਨ।

ਮੁੰਗੇਰ ਤੋਂ ਗੰਗਾ ਕਿਨਾਰੇ ਸਫ਼ਰ ਕਰਦੇ ਹੋਏ ਗੁਰੂ ਨਾਨਕ ਅਤੇ ਭਾਈ ਮਰਦਾਨਾ ਭਾਗਲਪੁਰ ਪਹੁੰਚੇ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਭਾਗਲਪੁਰ ਦਾ ਸਫ਼ਰ ਕਰ ਰਹੇ ਹਾਂ।

ਭਾਗਲਪੁਰ ਵਿੱਚ ਅਸੀਂ ਸਭ ਤੋਂ ਪਹਿਲਾਂ ਬੂੱਢਾਨਾਥ ਘਾਟ ਉੱਤੇ ਜਾ ਰਹੇ ਹਾਂ। ਗੰਗਾ ਨਦੀ ਦੇ ਕਿਨਾਰੇ ਇਤਿਹਾਸਕ ਬੂੱਢਾਨਾਥ ਮੰਦਿਰ ਹੈ। ਮੁਕਾਮੀ ਲੋਕਾਂ ਨੇ ਦੱਸਿਆ ਕਿ ਪਹਿਲਾਂ ਉਦਾਸੀ ਸੰਪ੍ਰਦਾਇ ਨੇ ਬੁੱਢਾਨਾਥ ਘਾਟ ਉੱਤੇ ਗੁਰੂ ਨਾਨਕ ਅਤੇ ਗੁਰੂ ਤੇਗ਼ ਬਹਾਦੁਰ ਦੀ ਯਾਦ ਵਿੱਚ ਗੁਰਦਵਾਰਾ ਬਣਾਇਆ ਸੀ। ਸਾਨੂੰ ਇੱਥੇ ਗੁਰਦਵਾਰੇ ਦੀ ਕੋਈ ਨਿਸ਼ਾਨੀ ਨਹੀਂ ਮਿਲੀ।

ਮੁਕਾਮੀ ਲੋਕਾਂ ਨੇ ਸਾਨੂੰ ਉਸ ਪਰਿਵਾਰ ਦਾ ਘਰ ਦੱਸਿਆ ਜਿਨ੍ਹਾਂ ਦੇ ਪੁਰਖੇ ਕਦੇ ਬੂੱਢਾਨਾਥ ਘਾਟ ਵਾਲੇ ਗੁਰਦਵਾਰੇ ਦੇ ਮਹੰਤ ਹੁੰਦੇ ਸਨ।

**ਸੁਜੀਤ ਕੁਮਾਰ ਦਾਸ:** ਮੇਰਾ ਨਾਮ ਸੁਜੀਤ ਕੁਮਾਰ ਦਾਸ ਹੈ, ਮੇਰੇ ਪਿਤਾ ਜੀ ਦਾ ਨਾਮ ਸ੍ਰੀ ਸੋਦ ਕੁਮਾਰ ਦਾਸ, ਅਤੇ ਮੇਰੇ ਦਾਦਾ ਜੀ ਇੱਥੇ ਮਹੰਤ ਸਨ। ਉਨ੍ਹਾਂ ਦਾ ਨਾਮ ਮਹੰਤ ਸ੍ਰੀ ਸਨ ਸਰਨ ਦਾਸ ਸੀ। ਅਸੀਂ ਚਾਰ-ਪੰਜ ਪੁਸ਼ਤਾਂ ਤੋਂ ਇਸ ਅਸਥਾਨ ਉੱਤੇ ਹਾਂ। ਸ੍ਰੀ ਗੁਰੂ ਮਹਾਰਾਜ ਜੀ ਦੀ ਸੇਵਾ ਕਰ ਰਹੇ ਹਾਂ। ਗੁਰੂ ਮਹਾਰਾਜ ਜੀ ਦਾ ਗ੍ਰੰਥ ਸਾਹਿਬ ਹੈ, ਸਾਨੂੰ ਦਾਦਿਆਂ-ਪੜਦਾਦਿਆਂ ਤੋਂ ਪਤਾ ਚੱਲਿਆ ਕਿ ਉਹ ਕਈ ਪੁਸ਼ਤਾਂ ਤੋਂ ਇੱਥੇ ਹੈ। ਸਾਡੇ ਪੁਰਖੇ ਬਚਪਨ ਵਿੱਚ ਕਹਾਣੀ ਸੁਣਾਉਂਦੇ ਸਨ ਕਿ ਜਿਹੜੇ ਸਾਡੇ ਪਹਿਲੇ ਗੁਰੂ ਹਨ, ਗੁਰੂ ਨਾਨਕ ਦੇਵ ਜੀ ਦੇ ਚਰਨ ਕਮਲ ਇਸ ਅਸਥਾਨ ਉੱਤੇ ਪਏ ਹੋਏ ਹਨ ਅਤੇ ਉਸ ਤੋਂ ਬਾਅਦ ਵਿੱਚ ਹੀ ਆਲੇ-ਦੁਆਲੇ ਉਨ੍ਹਾਂ ਦੇ ਸ਼ਰਧਾਲੂ ਬਣੇ, ਉਨ੍ਹਾਂ ਦੀ ਹੀ ਰਾਹ ਅਪਣਾਉਣਾ ਚਾਹੁੰਦੇ ਸਨ। ਇੱਥੇ ਹਰ ਰੋਜ਼ ਸਵੇਰ-ਸ਼ਾਮ ਕੀਰਤਨ-ਭਜਨ ਹੁੰਦਾ ਸੀ। ਅਸੀਂ ਵੀ ਸਹਿਯੋਗ ਕਰਦੇ ਸਾਂ। ਪਹਿਲਾਂ ਇੱਥੇ ਬਹੁਤ ਵੱਡਾ ਗੁਰਦਵਾਰਾ ਸੀ। ਸਾਡੇ ਪ੍ਰਥਮ ਗੁਰੂ, ਸ੍ਰੀ ਗੁਰੂ ਨਾਨਕ ਜੀ ਸ਼ਾਂਤੀ ਦੂਤ ਸਨ। ਉਹ ਥਾਂ-ਥਾਂ ਜਾ ਕੇ ਉਪਦੇਸ਼ ਦਿੰਦੇ ਸਨ ਕਿ ਆਪਸ ਵਿੱਚ ਭਾਈਚਾਰੇ ਅਤੇ ਪ੍ਰੇਮ ਨਾਲ ਰਹੋ। ਸਭ ਧਰਮ ਇੱਕ ਹਨ। ਉਹ ਨਿਰੰਕਾਰ ਬ੍ਰਹਮ ਨੂੰ ਮੰਨਦੇ ਸਨ। ਉਨ੍ਹਾਂ ਦੇ ਹਿਸਾਬ ਨਾਲ ਅਨੰਤ ਬ੍ਰਹਿਮੰਡ ਹੀ ਨਿਰੰਕਾਰ ਬ੍ਰਹਮ ਹੈ। ਉਨ੍ਹਾਂ ਤੋਂ ਬਾਅਦ ਅਸੀਂ ਉਨ੍ਹਾਂ ਦੇ ਦਰਸਾਏ ਮਾਰਗ ਉੱਤੇ ਚਲਦੇ ਹਾਂ।

ਅਸੀਂ ਹੁਣ ਬੁੱਢਾਨਾਥ ਘਾਟ ਦੇ ਲਾਗੇ ਹੀ ਬਣੇ ਗੁਰਦਵਾਰਾ ਬੜੀ ਸੰਗਤ ਜਾ ਰਹੇ ਹਾਂ।

(ਗੁਰੂ ਗ੍ਰੰਥ ਸਾਹਿਬ ਦਾ ਪਾਠ)

ਇਹ ਗੁਰਦਵਾਰਾ ਭਾਗਲਪੁਰ ਦੀ ਸਿੱਖ ਸੰਗਤ ਨੇ ਗੁਰੂ ਤੇਗ਼ ਬਹਾਦੁਰ ਦੇ ਇੱਥੇ ਆਉਣ ਦੀ ਯਾਦਗਾਰ ਵਜੋਂ ੧੯੭੪ ਵਿੱਚ ਬਣਾਇਆ ਸੀ।

ਭਾਗਲਪੁਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੰਤ ਨਗਰ ਦਾ ਸਫ਼ਰ ਕੀਤਾ।

ਅਸੀਂ ਹੁਣ ਭਾਗਲਪੁਰ ਤੋਂ ਕੰਤ ਨਗਰ ਜਾ ਰਹੇ ਹਾਂ। ਗੰਗਾ ਨਦੀ ਦੇ ਕਿਨਾਰੇ ਇਹ ਕਸਬਾ ਬਿਹਾਰ ਸੂਬੇ ਦੇ ਪੂਰਨੀਆ ਜ਼ਿਲ੍ਹੇ ਵਿੱਚ ਹੈ।

ਕਿਸੇ ਸਮੇਂ ਕੰਤ ਨਗਰ ਇਲਾਕੇ ਵਿੱਚ ਬਿਹਾਰੀ ਮੂਲ ਅਤੇ ਵੱਖ-ਵੱਖ ਮਜ਼ਹਬੀ ਪਿਛੋਕੜ ਵਾਲੇ ਗੁਰੂ ਨਾਨਕ ਦੇ ਸ਼ਰਧਾਲੂਆਂ ਦੀ ਚੋਖੀ ਸੰਗਤ ਸੀ। ਬਿਹਾਰੀ ਮੂਲ ਦੀ ਮੁਕਾਮੀ ਸੰਗਤ ਨੇ ਦੂਰ-ਦੁਰਾਡੇ ਦੇ ਇਨ੍ਹਾਂ ਇਲਾਕਿਆਂ ਵਿੱਚ ਕਈ ਅਸਥਾਨ ਉਸਾਰੇ ਹਨ। ਅਸੀਂ ਇੱਕ ਦੂਰ-ਦਰਾਜ਼ ਦੇ ਪਿੰਡ ਦੇ ਗੁਰਦਵਾਰੇ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੰਗਾ ਨਦੀ ਦੇ ਕਿਨਾਰੇ ਵਸੇ ਪਿੰਡ ਕੰਤ ਨਗਰ ਦਾ ਦੌਰਾ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੀਤਾ ਸੀ। ਉਨ੍ਹਾਂ ਦੀ ਆਮਦ ਦੀ ਯਾਦਗਾਰ ਵਜੋਂ ਮੁਕਾਮੀ ਬਰਾਦਰੀ ਨੇ ਗੁਰਦਵਾਰੇ ਦੀ ਉਸਾਰੀ ਕੀਤੀ ਹੈ।

ਅਸੀਂ ਬਿਹਾਰੀ ਮੂਲ ਦੇ ਮੁਕਾਮੀ ਸਿੱਖ ਤ੍ਰਿਲੋਕ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਕੰਤ ਨਗਰ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਗੁਰੂ ਨਾਨਕ ਦਾ ਸੁਨੇਹਾ ਪਹੁੰਚਾਉਣ ਵਿੱਚ ਉਦਾਸੀ ਸੰਪ੍ਰਦਾਇ ਦੇ ਮਹਿਰਸੀ ਦਾਸ ਨੇ ਅਹਿਮ ਹਿੱਸਾ ਪਾਇਆ ਸੀ।

**ਤ੍ਰਿਲੋਕ ਸਿੰਘ:** ਬਹੁਤ ਸਾਲ ਪਹਿਲਾਂ ਅਸੀਂ ਆਪਣੇ ਪੁਰਖਿਆਂ ਤੋਂ ਸੁਣਿਆ ਸੀ ਕਿ ਗੁਰੂ ਨਾਨਕ ਦੇਵ ਜੀ ਇੱਥੇ ਆਏ ਸਨ। ਕੰਤ ਨਗਰ ਵਿੱਚ ਬਹੁਤ ਸਾਰੀ ਸੰਗਤ ਨਾਨਕ ਨਾਮ ਲੇਵਾ ਹੋ ਗਈ। ਉਨ੍ਹਾਂ ਦਾ ਫ਼ਲਸਫ਼ਾ ਮਕਬੂਲ ਹੁੰਦਾ ਗਿਆ ਤਾਂ ਉਨ੍ਹਾਂ ਦੀ ਮਾਨਤਾ ਹੋਈ। ਇਸੇ ਤਰ੍ਹਾਂ ਲੋਕਾਂ ਨੇ ਉਨ੍ਹਾਂ ਦੇ ਧਰਮ ਪ੍ਰਚਾਰ ਦਾ ਕੰਮ ਵੀ ਕੀਤਾ, ਮਾਨਸ ਕੀ ਜਾਤ ਏਕੋ ਪਹਿਚਾਨਬੋ। ਗੁਰੂ ਨਾਨਕ ਦੇਵ ਜੀ ਨੇ ਵਹਿਦਤ ਨੂੰ ਆਪਣੇ ਸੁਨੇਹੇ ਦਾ ਧੁਰਾ ਬਣਾਇਆ। ਇਸ ਸੁਨੇਹੇ ਉੱਤੇ ਅਮਲ ਕਰਨ ਵਾਲੇ ਲੋਕ ਗੁਰੂ ਨਾਨਕ ਦੇਵ ਜੀ ਦੇ ਰਾਹ ਦੇ ਪਾਂਧੀ ਹਨ। ਗੁਰੂ ਨਾਨਕ ਦੇਵ ਜੀ ਦੇ ਰਾਹ ਉੱਤੇ ਚੱਲਣ ਵਾਲਿਆਂ ਵਿੱਚ ਮਹਿਰਸੀ ਦਾਸ ਜੀ ਵੀ ਸਨ। ਉਨ੍ਹਾਂ ਨੇ ਸਤਸੰਗ ਦੀ ਮਹਿਮਾ ਕੀਤੀ ਅਤੇ ਵਿਖਿਆਨ ਕੀਤਾ। ਉਨ੍ਹਾਂ ਤੋਂ ਅੱਗੇ ਉਨ੍ਹਾਂ ਦੇ ਚੇਲੇ ਹੋਏ ਜੋ ਸਤਸੰਗ ਕਰਨ ਲੱਗੇ ਅਤੇ ਲੋਕ ਜੁੜਨ ਲੱਗੇ। ਇਹ ਸਭ ਗੁਰੂ ਨਾਨਕ ਦੇਵ ਜੀ ਦਾ ਹੀ ਸਤਸੰਗ ਕਰਦੇ ਸਨ। ਉਹ ਵਚਨ ਕਰਦੇ ਸਨ ਕਿ ਮੇਰਾ ਗੁਰੂ, ਗੁਰੂ ਨਾਨਕ ਹੈ। ਉਨ੍ਹਾਂ ਨੇ ਭਾਗਲਪੁਰ ਦੇ ਲਾਗੇ ਇੱਕ ਅਸਥਾਨ ਬਣਾਇਆ ਜਿਸ ਨੂੰ ਅਸੀਂ ਕੁੱਪਾ ਘਾਟ ਕਹਿੰਦੇ ਹਾਂ।

ਪੇਂਡੂ ਇਲਾਕਿਆਂ ਵਿੱਚ ਔਰਤਾਂ ਸਹਿਜ ਨਾਲ ਇੱਕੋ ਵੇਲੇ ਕਈ ਕੰਮ ਕਰਦੀਆਂ ਹਨ; ਬੱਚੇ ਪਾਲਣ ਦੇ ਨਾਲ-ਨਾਲ ਪਰਿਵਾਰ ਲਈ ਚੁੱਲ੍ਹੇ-ਚੌਂਕੇ ਅਤੇ ਖੇਤਾਂ ਦੇ ਕੰਮ ਕਰਦੀਆਂ ਹਨ। ਉਨ੍ਹਾਂ ਦੀ ਇਸ ਘਾਲਣਾ ਨੂੰ ਦੇਖ ਕੇ ਗੁਰੂ ਨਾਨਕ ਦਾ ਇਹ ਸ਼ਬਦ ਮੇਰੇ ਧਿਆਨ ਵਿੱਚ ਆਉਂਦਾ ਹੈ।

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥

(ਰਾਗ ਆਸਾ, ਗੁਰੂ ਨਾਨਕ)

ਅਸੀਂ ਸਭ ਔਰਤ ਦੀ ਕੁੱਖੋਂ ਜੰਮੇ ਹਾਂ, ਔਰਤ ਤੋਂ ਬਿਨਾਂ ਕੋਈ ਨਹੀਂ ਹੁੰਦਾ।
(ਰਾਗ ਆਸਾ, ਗੁਰੂ ਨਾਨਕ)

ਇਤਿਹਾਸਕ ਤੌਰ ਉੱਤੇ ਦੁਨੀਆ ਭਰ ਵਿੱਚ ਜੀਵਨਦਾਤੀ ਔਰਤ ਨੂੰ ਪਿਤਾ-ਪੁਰਖੀ ਸਮਾਜ ਨੇ ਬਰਾਬਰ ਦਾ ਰੁਤਬਾ ਨਹੀਂ ਦਿੱਤਾ। ਗੁਰੂ ਨਾਨਕ ਨੇ ਲਿੰਗ ਵਿਤਕਰੇ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਇਹ ਗੱਲ ਜਤਾਈ ਕਿ ਔਰਤ ਤੋਂ ਬਿਨਾਂ ਮਨੁੱਖਾ ਨਸਲ ਨਹੀਂ ਅੱਗੇ ਵਧੇਗੀ।

ਕੰਤ ਨਗਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਾਲਦਾ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਮਾਲਦਾ ਜਾ ਰਹੇ ਹਾਂ।

ਮਾਲਦਾ ਇੰਡੀਆ ਦੇ ਸੂਬੇ ਪੱਛਮੀ ਬੰਗਾਲ ਦਾ ਸ਼ਹਿਰ ਹੈ ਜੋ ਬੰਗਲਾਦੇਸ਼ ਦੀ ਸਰਹੱਦ ਨਾਲ ਲਗਦਾ ਹੈ। ਜਦੋਂ ਗੁਰੂ ਨਾਨਕ ਨੇ ਇਸ ਸ਼ਹਿਰ ਦਾ ਦੌਰਾ ਕੀਤਾ ਤਾਂ ਇੱਥੇ ਬੰਗਾਲ ਸਲਤਨਤ ਦਾ ਰਾਜ ਸੀ।

ਅਸੀਂ ਮਹਾਨੰਦਾ ਨਦੀ ਦੇ ਲਾਗੇ ਪੁਰਾਣੇ ਮਾਲਦਾ ਸ਼ਹਿਰ ਦੇ ਗੁਰਦਵਾਰੇ ਜਾ ਰਹੇ ਹਾਂ।

**ਅਮਰਦੀਪ ਸਿੰਘ:** ਮਹਾਨੰਦਾ ਅਤੇ ਗੰਗਾ ਨਦੀਆਂ ਮਾਲਦਾ ਇਲਾਕੇ ਵਿੱਚੋਂ ਨਿਕਲਦੀਆਂ ਹਨ। ਜਦੋਂ ਗੁਰੂ ਨਾਨਕ ਇੱਥੇ ਆਏ ਸਨ ਤਾਂ ਇਹ ਸੌਦਾਗਰੀ ਅਤੇ ਮੁਸਾਫ਼ਰੀ ਪੱਖੋਂ ਅਹਿਮ ਬੰਦਰਗਾਹ ਸੀ।

ਉਦਾਸੀ ਸੰਪ੍ਰਦਾਇ ਨੇ ਗੁਰੂ ਨਾਨਕ ਦੀ ਮਾਲਦਾ ਵਿੱਚ ਆਮਦ ਦੀ ਯਾਦਗਾਰ ਵਜੋਂ ਸੰਗਤ ਕਰਨ ਲਈ ਇਤਿਹਾਸਕ ਮਰਕਜ਼ ਉਸਾਰਿਆ ਸੀ। ਮਾਲਦਾ ਵਿੱਚੋਂ ਲੋਕਾਂ ਦੀ ਹਿਜਰਤ ਕਾਰਨ ਉਹ ਅਸਥਾਨ ਵੀਰਾਨ ਹੋ ਗਿਆ। ਮਾਲਦਾ ਵਿੱਚ ੧੯੪੭ ਦੀ ਵੰਡ ਤੋਂ ਬਾਅਦ ਆਈ ਮੁਹਾਜਿਰ ਬਰਾਦਰੀ ਨੇ ੧੯੬੦ਵਿਆਂ ਵਿੱਚ ਇਹ ਮਰਕਜ਼ ਮੁੜ-ਬਹਾਲ ਕਰ ਲਿਆ।

ਗੁਰੂ ਨਾਨਕ ਨੂੰ ਮਾਲਦਾ ਵਿੱਚ ਇੱਕ ਸ਼ਾਹੂਕਾਰ ਰਾਮ ਦੇਵ ਮਿਲਿਆ। ਉਸ ਨੂੰ ਦੌਲਤ ਦਾ ਦਿਖਾਵਾ ਕਰਦੇ ਵੇਖ ਕੇ ਗੁਰੂ ਨਾਨਕ ਨੇ ਕਿਹਾ,

ਚੋਆ ਚੰਦਨੁ ਅੰਕਿ ਚੜਾਵਉ॥
ਪਾਟ ਪਟੰਬਰ ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥
(ਗੁਰੂ ਨਾਨਕ)

ਕੋਈ ਪਿੰਡੇ ਉੱਤੇ ਚੰਦਨ ਦਾ ਲੇਪ ਕਰ ਸਕਦਾ ਹੈ।

ਕੋਈ ਰੇਸ਼ਮੀ ਵਸਤਰ ਪਹਿਨ ਕੇ ਸਜ ਸਕਦਾ ਹੈ
ਪਰ ਆਤਮ-ਪੜਚੋਲ ਤੋਂ ਬਿਨਾਂ ਸੁੱਖ ਨਹੀਂ ਮਿਲ ਸਕਦਾ।
(ਗੁਰੂ ਨਾਨਕ)

ਗੁਰੂ ਨਾਨਕ ਨੇ ਰਾਮ ਦੇਵ ਨੂੰ ਇਹ ਅਹਿਸਾਸ ਕਰਵਾਉਣ ਲਈ ਸੁਨੇਹਾ ਦਿੱਤਾ ਸੀ ਕਿ ਅਮੀਰੀ ਦੇ ਦਿਖਾਵੇ ਨਾਲ ਮਿਲਦੀ ਖ਼ੁਸ਼ੀ ਥੋਥੀ ਹੈ। ਸਦੀਵੀ ਖ਼ੁਸ਼ੀਆਂ ਹਾਸਿਲ ਕਰਨ ਲਈ ਮਨੁੱਖ ਨੂੰ ਪਦਾਰਥ ਦੀ ਲਾਲਸਾ ਤਿਆਗਣੀ ਪੈਂਦੀ ਹੈ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਗੁਰੂ ਨਾਨਕ ਦੇ ਮਾਲਦਾ ਇਲਾਕੇ ਵਿੱਚ ਆਉਣ ਦੀ ਯਾਦਗਾਰ ਵਜੋਂ ਬਣਾਇਆ ਗਿਆ ਸੀ।

ਮੁਕਾਮੀ ਬੰਗਾਲੀ ਹਿੰਦੂ ਬਰਾਦਰੀ ਸ਼ਰਧਾ ਵਜੋਂ ਇਸ ਗੁਰਦਵਾਰੇ ਵਿੱਚ ਆਉਂਦੀ ਹੈ। ਮਾਲਦਾ ਵਿੱਚ ਸਾਨੂੰ ਦੇਖ ਕੇ ਮੁਕਾਮੀ ਬਰਾਦਰੀ ਨੇ ਸਾਨੂੰ ਆਪਣੇ ਮਜ਼ਹਬੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੁਲਾਇਆ।

(ਕ੍ਰਿਸ਼ਨ ਭਜਨ)

ਗੁਰੂ ਨਾਨਕ ਦੀਆਂ ਪੈੜ੍ਹਾਂ ਉੱਤੇ ਸਫ਼ਰ ਕਰਦੇ ਹੋਏ ਸਾਨੂੰ ਭਾਂਤ-ਭਾਂਤ ਦੀਆਂ ਬਿਰਾਦਰੀਆਂ ਨਾਲ ਮਿਲਣ ਦੇ ਮੌਕੇ ਮਿਲੇ ਹਨ ਜੋ ਸਾਡੇ ਲਈ ਤਜਰਬਾਤੀ ਸਿੱਖਿਆ ਹੋ ਨਿਬੜੇ ਹਨ। ਬੰਗਾਲੀ ਸ਼ਰਧਾਲੂਆਂ ਨੂੰ ਭਜਨ ਗਾਉਂਦੇ ਸੁਣ ਕੇ ਮੈਨੂੰ ਗੁਰੂ ਨਾਨਕ ਦੇ ਸ਼ਬਦ ਯਾਦ ਆਏ ਹਨ,

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥
(ਰਾਗੁ ਗਉੜੀ ਦੀਪਕੀ, ਗੁਰੂ ਨਾਨਕ)

ਉਸ ਨਿਰਭਉ ਦੇ ਸੋਹਿਲੇ ਗਾਓ।
ਸਦਾ ਸੁੱਖ ਦੇਵਣਹਾਰ ਸੋਹਿਲੇ ਤੋਂ ਮੈਂ ਬਲਿਹਾਰ ਹਾਂ।
(ਰਾਗ ਗਉੜੀ ਦੀਪਕੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਜਿਹੜਾ ਮਨ ਵਹਿਦਤ ਦੀ ਸਚਾਈ ਬਾਰੇ ਸੋਚ-ਵਿਚਾਰ ਕਰਦਾ ਹੈ, ਉਹ ਸਦੀਵੀ ਚੈਨ ਹਾਸਿਲ ਕਰਦਾ ਹੈ।

ਦਰਅਸਲ ਇਸ ਸੋਚ ਮੁਤਾਬਕ ਸਾਰੀ ਸ੍ਰਿਸ਼ਟੀ ਹੀ ਇੱਕ ਅਲੌਕਿਕ ਘਰ ਹੈ ਜਿਸ ਵਿੱਚ ਅਨੇਕ ਹਸਤੀਆਂ ਦਾ ਵਾਸਾ ਹੈ।

ਮਾਲਦਾ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੂਰਬੀ ਪਾਸੇ ਨੂੰ ਗੰਗਾ ਅਤੇ ਪਦਮਾ ਨਦੀਆਂ ਦੇ ਨਾਲ-ਨਾਲ ਸਫ਼ਰ ਸ਼ੁਰੂ ਕੀਤਾ ਅਤੇ ਢਾਕਾ ਪਹੁੰਚ ਗਏ ਜੋ ਹੁਣ ਬੰਗਲਾਦੇਸ਼ ਦੀ ਰਾਜਧਾਨੀ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਬੰਗਲਾਦੇਸ਼ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਇੰਡੀਆ ਤੋਂ ਬੰਗਲਾਦੇਸ਼ ਗਏ ਅਤੇ ਢਾਕਾ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

ਆ ਦੋਬੇ ਦੇਖ ਦੇਖੀ ਮਨ ॥
ਕਿ ਰੂਪ ਲੀਲਾਮਯ ॥
ਆਕਾਸ਼ ਪਾਤਾਲ ਖੁੰਜਿਸ ਯਾਰ ॥
ਏਹਿ ਦੇਹੇ ਸੇ ਰੈ ॥
ਲਾਮ-ਅਲੇਫ ਲੋਕਾਇ ਜੇਮਨ ॥
ਮਾਨੁਸ਼ ਏਹਿ ਸ਼ਾਇ ਆਸੇ ਤੇਮਨ ॥
ਤਾ ਨਹੀਂਲੇ ਕਿ ਸਭ ਨੁਰਿਤਨ ॥
ਆਦਮ ਟੋਨੇ ਸ਼ੇਸ਼ਦਾ ਜਨਾਇ ॥
(ਨਾਲੋਨ ਫਕੀਰ)

ਆ ਮੇਰੇ ਬਣਜਾਰੇ ਮਨਾ! ਚੁੱਭੀ ਮਾਰ।
ਤੂੰ ਜਿਸ ਦੀ ਭਾਲ ਆਕਾਸ਼ ਅਤੇ ਧਰਤੀ ਉੱਤੇ ਕਰ ਰਿਹਾ ਹੈਂ
ਉਹ ਤੇਰੇ ਅੰਦਰ ਵਸਦਾ ਹੈ।
ਜਿਵੇਂ 'ਲਾਮ' ਅਤੇ 'ਅਲਿਫ਼' ਬਹਿਰੂਪੀਏ ਹਨ
ਉਸੇ ਤਰ੍ਹਾਂ ਮਨੁੱਖ ਅੰਦਰ ਖ਼ੁਦਾ ਦਾ ਵਾਸਾ ਹੈ।
ਨਾਲੋਨ ਫ਼ਕੀਰ (ਬੰਗਾਲੀ ਰਹੱਸਵਾਦੀ) ਦੇ ਵਹਿਦਤ ਦੇ ਰਾਹ ਦਾ
ਇਸ ਤੋਂ ਇਲਾਵਾ ਕੀ ਬਿਆਨੀਆ ਹੋ ਸਕਦਾ ਹੈ?
ਮੈਂ ਤੇਰੇ ਅੰਦਰਲੀ ਮਨੁੱਖਤਾ ਨੂੰ ਸਿਜਦਾ ਕਰਦਾ ਹਾਂ।
(ਨਾਲੋਨ ਫ਼ਕੀਰ)

**ਅਮਰਦੀਪ ਸਿੰਘ:** ਬੰਗਲਾਦੇਸ਼ ਵਿੱਚ ਬ੍ਰਹਮਪੁਤਰਾ ਅਤੇ ਗੰਗਾ ਨਦੀਆਂ ਦੀ ਤਿਕੋਣ ਵੱਡਾ ਡੈਲਟਾ ਬਣਾਉਂਦੀ ਹੈ। ਜਦੋਂ ਗੁਰੂ ਨਾਨਕ ਸੋਲ੍ਹਵੀਂ ਸਦੀ ਵਿੱਚ ਇਸ ਇਲਾਕੇ ਵਿੱਚ ਆਏ ਤਾਂ ਇੱਥੇ ਹਿੰਦੂ ਅਤੇ ਮੁਸਲਮਾਨ ਮਜ਼ਹਬਾਂ ਦੇ ਲੋਕ ਆਬਾਦ ਸਨ। ਹੁਣ ਬੰਗਲਾਦੇਸ਼ ਇਸਲਾਮੀ ਮੁਲਕ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਫ਼ਰ ਲਈ ਸੌਦਾਗਰਾਂ ਵਾਲਾ ਰਾਹ ਫੜਿਆ ਜੋ ਸਿੱਧਾ ਮੇਘਾ ਨਦੀ ਦੇ ਕਿਨਾਰੇ ਵਸੇ ਸ਼ਹਿਰ ਸੋਨਾਰਗਾਂਓਂ ਜਾਂਦਾ ਸੀ। ਇਹ ਸ਼ਹਿਰ ਸੋਲ੍ਹਵੀਂ ਸਦੀ ਵਿੱਚ ਸੌਦਾਗਰੀ ਦਾ ਵੱਡਾ ਮਰਕਜ਼

ਸੀ ਅਤੇ ਨਾਲ ਹੀ ਬੰਗਾਲ ਸਲਤਨਤ ਦੀ ਰਾਜਧਾਨੀ ਸੀ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਸ ਦੌਲਤਮੰਦ ਸ਼ਹਿਰ ਸੋਨਾਰਗਾਂਓਂ ਨਾ ਜਾਣ ਦਾ ਫ਼ੈਸਲਾ ਕੀਤਾ ਅਤੇ ਢਾਕੇ ਨੂੰ ਚਾਲੇ ਪਾ ਦਿੱਤੇ ਜੋ ਭੂਰੀ ਗੰਗਾ ਨਦੀ ਦੇ ਕਿਨਾਰੇ ਵਸਿਆ ਹੋਇਆ ਸੀ। ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਇਸ ਇਲਾਕੇ ਵਿੱਚ ਆਏ, ਤਾਂ ਢਾਕਾ ਸ਼ਿਵ ਮਤ ਲਈ ਮਜ਼ਹਬੀ ਤੀਰਥ ਸੀ।

**ਵਕਾਰ ਖ਼ਾਨ:** ਬੰਗਾਲ ਵਿੱਚ ਬਾਊਲ ਸੂਫ਼ੀ ਸੰਤਾਂ ਅਤੇ ਹੋਰ ਰਹੱਸਵਾਦੀਆਂ ਦੀ ਰੀਤ ਹੈ। ਇਸ ਧਰਤੀ ਉੱਤੇ ਬੁੱਧ ਧਰਮ ਦਾ ਵੀ ਪਸਾਰਾ ਹੋਇਆ ਸੀ। ਗੁਰੂ ਨਾਨਕ ਦੀ ਜੁਸਤਜੂ ਉਨ੍ਹਾਂ ਨੂੰ ਦੂਰ-ਦਰਾਜ਼ ਦੇ ਲੰਮੇ ਸਫ਼ਰਾਂ ਉੱਤੇ ਲੈ ਗਈ ਸੀ। ਉਹ ਮੌਜੂਦਾ ਦੌਰ ਦੇ ਬੰਗਲਾਦੇਸ਼ ਵਿੱਚ ਪਹੁੰਚੇ। ਉਹ ਸਾਰੇ ਮਜ਼ਹਬਾਂ ਦਾ ਸੰਜੋਗ ਲੱਭ ਰਹੇ ਸਨ।

ਅਸੀਂ ਹੁਣ ਪੁਰਾਤਨ ਢਾਕੇਸ਼ਵਰੀ ਦੇਵੀ ਦੇ ਮੰਦਿਰ ਜਾ ਰਹੇ ਹਾਂ, ਜਿਸ ਨੂੰ ਹਿੰਦੂ ਧਰਮ ਦੇ ਸ਼ਿਵ ਮਤ ਵਿੱਚ 'ਸ਼ਕਤੀ ਪੀਠ' ਦਾ ਅਸਥਾਨ ਹਾਸਿਲ ਹੈ।

**ਅਮਰਦੀਪ ਸਿੰਘ:** ਇਹ ਮੰਨਿਆ ਜਾਂਦਾ ਹੈ ਕਿ ਢਾਕਾ ਦਾ ਨਾਮ ਢਾਕੇਸ਼ਵਰੀ ਦੇਵੀ ਦੇ ਨਾਮ ਉੱਤੇ ਪਿਆ।

ਸੰਨ ਸੰਤਾਲੀ ਵਿੱਚ ਵੰਡ ਤੋਂ ਬਾਅਦ ਆਬਾਦੀ ਦਾ ਮਜ਼ਹਬੀ ਬੁਨਿਆਦ ਉੱਤੇ ਤਬਾਦਲਾ ਹੋਇਆ ਤਾਂ ਹਿੰਦੂ ਆਬਾਦੀ ਦੀ ਢਾਕਾ ਤੋਂ ਹਿਜਰਤ ਹੋਈ। ਹੁਣ ਢਾਕਾ ਵਿੱਚ ਬਚ ਗਏ ਮੁੱਠੀ ਭਰ ਮੁਕਾਮੀ ਹਿੰਦੂ ਹੀ ਇਸ ਮੰਦਿਰ ਆਉਂਦੇ ਹਨ। ਜਦੋਂ ਅਸੀ ਮੰਦਿਰ ਵਿੱਚ ਸਾਂ, ਅਸੀ ਵੇਖਿਆ ਕੀ ਇੱਕ ਮੁਸਲਮਾਨ ਆਪਣੇ ਨਵੇਂ ਜੰਮੇ ਬਾਲ ਨੂੰ ਮੱਥਾ ਟਿਕਾਉਣ ਲਿਆਇਆ ਸੀ, ਇਹ ਨਜ਼ਾਰਾ ਦਿਲ ਟੁੰਭਣ ਵਾਲਾ ਸੀ। ਇਹ ਇਸ਼ਾਰਾ ਕਰਦਾ ਹੈ ਕਿ ਇੱਥੇ ਮਜ਼ਹਬਾਂ ਅਤੇ ਬਰਾਦਰੀਆਂ ਵਿਚਕਾਰ ਹਾਲੇ ਵੀ ਸਾਂਝ ਦੀਆਂ ਤੰਦਾਂ ਹਨ।

ਗੁਰੂ ਨਾਨਕ ਢਾਕੇਸ਼ਵਰੀ ਮੰਦਿਰ ਦੀ ਮਜ਼ਹਬੀ ਰਹੁ-ਰੀਤ ਦਾ ਜਾਇਜ਼ਾ ਲੈਣ ਅਤੇ ਸੰਗਤ ਨਾਲ ਗੋਸ਼ਟਿ ਕਰਨ ਲਈ ਇੱਥੇ ਆਏ। ਇੱਕ ਜ਼ਿਆਰਤੀ ਨੇ ਗੁਰੂ ਨਾਨਕ ਨੂੰ ਸੁਆਲ ਕੀਤਾ ਕਿ ਕੀ ਉਹ ਸੋਨਾਰਗਾਂਓਂ ਵੀ ਜਾਣਗੇ ਜੋ ਸੌਦਾਗਰੀ ਅਤੇ ਦੌਲਤਮੰਦੀ ਦੀ ਰਾਜਧਾਨੀ ਸੀ।

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥
(ਸਲੋਕ, ਗੁਰੂ ਨਾਨਕ)

ਸੁਣ ਹਰਣਾਖੀ ਲਾੜੀਏ! ਗੂੜ੍ਹੇ ਅਤੇ ਅਨੰਤ ਵਿਵੇਕ ਦੇ ਬੋਲ।
ਪਹਿਲਾ ਵਸਤ ਪਛਾਣ ਫਿਰ ਵਪਾਰ ਕਰ।
ਨਾਂਹ ਨਾਲ ਨਾ ਜੁੜ ਅਤੇ ਉਸਾਰੂ ਦਾ ਸੁਆਗਤ ਕਰ।
ਅਜਿਹੀਆਂ ਸੋਚਾਂ, ਜਿਨ੍ਹਾਂ ਰਾਹੀਂ ਸੱਜਣਾਂ ਦਾ ਮੇਲ ਹੋਵੇ ਉਨ੍ਹਾਂ ਤੇ ਵਿਚਾਰ ਕਰੋ।

(ਸਲੋਕ, ਗੁਰੂ ਨਾਨਕ)

ਹਿਰਨ ਨੂੰ ਕੁਦਰਤ ਨੇ ਅਜਿਹੀ ਨਿਗਾਹ ਨਾਲ ਵਰੋਸਾਇਆ ਹੈ ਜਿਸ ਨਾਲ ਆਲੇ-ਦੁਆਲੇ ਦਾ ਵਸੀਹ ਨਜ਼ਾਰਾ ਦਿਖਾਈ ਦਿੰਦਾ ਹੈ। ਇਸ ਦੀਆਂ ਅੱਖਾਂ ਕੇਂਦਰ ਬਿੰਦੂ ਉੱਤੇ ਟਿਕਦੀਆਂ ਨਹੀਂ ਜਿਸ ਕਾਰਨ ਇਸ ਨੂੰ ਗਹਿਰਾਈ ਦਾ ਪੁਖ਼ਤਾ ਅੰਦਾਜ਼ਾ ਨਹੀਂ ਹੁੰਦਾ। ਗੁਰੂ ਨਾਨਕ ਨੇ ਹਿਰਨ ਦੀ ਨਿਗਾਹ ਦੀ ਮਿਸਾਲ ਨਾਲ ਸਮਝਾਇਆ ਕਿ ਸਾਨੂੰ ਉਸਾਰੂ ਸਾਂਝ ਦੀ ਗਹਿਰਾਈ ਉੱਤੇ ਧਿਆਨ ਧਰਨਾ ਚਾਹੀਦਾ ਹੈ ਅਤੇ ਲਾਲਸਾਵਾਂ ਦੀ ਦੁਨੀਆ ਦੇ ਵਸੀਹ ਨਜ਼ਾਰੇ ਵਿੱਚ ਭਟਕਣਾ ਨਹੀਂ ਚਾਹੀਦਾ।

ਹੁਣ ਅਸੀਂ ਢਾਕਾ ਦੇ ਉੱਤਰੀ ਪਾਸੇ ਘੁਮਿਆਰਾਂ ਦੀ ਆਬਾਦੀ ਵਿੱਚ ਰੀਅਰ ਬਾਜ਼ਾਰ ਜਾ ਰਹੇ ਹਾਂ। ਲਿਖਤਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਢਾਕਾ ਦੇ ਕਿਆਮ ਦੌਰਾਨ ਗੁਰੂ ਨਾਨਕ ਇਸ ਇਲਾਕੇ ਵਿੱਚ ਰੁਕੇ ਸਨ।

ਮੁਕਾਮੀ ਲੋਕਾਂ ਤੋਂ ਪੁੱਛ-ਪੜਤਾਲ ਕਰਨ ਦੇ ਬਾਵਜੂਦ ਸਾਨੂੰ ਇਸ ਇਲਾਕੇ ਵਿੱਚ ਗੁਰੂ ਨਾਨਕ ਦੇ ਆਉਣ ਦੀ ਕੋਈ ਯਾਦਗਾਰ ਜਾਂ ਨਿਸ਼ਾਨੀ ਨਹੀਂ ਮਿਲੀ।

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥
(ਰਾਗੁ ਰਾਮਕਲੀ, ਗੁਰੂ ਨਾਨਕ)

ਨਿਰੰਕਾਰ ਤੋਂ ਅਨੰਤ ਉਪਜਿਆ ਹੈ। ਉਸ ਨੇ ਨਿਰਗੁਣ ਤੋਂ ਸਰਗੁਣ ਦਾ ਰੂਪ ਧਾਰਿਆ ਹੈ।
(ਰਾਗੁ ਰਾਮਕਲੀ, ਗੁਰੂ ਨਾਨਕ)

ਸਾਡਾ ਸਰੀਰ ਮਿੱਟੀ ਦੇ ਭਾਂਡੇ ਵਰਗਾ ਹੈ ਜਿਸ ਨੂੰ ਸਿਰਜਣਹਾਰ ਘੁਮਿਆਰ ਢਾਲਦਾ ਹੈ ਅਤੇ ਸੂਰਤ ਘੜਦਾ ਹੈ। ਜਦੋਂ ਇੱਕ ਵਾਰ ਭਾਂਡੇ ਦਾ ਮਕਸਦ ਪੂਰਾ ਹੋ ਜਾਂਦਾ ਹੈ ਤਾਂ ਇਹ ਮੁੜ ਮਿੱਟੀ ਹੋ ਜਾਂਦਾ ਹੈ ਤਾਂ ਜੋ ਘੁਮਿਆਰ ਇਸ ਨੂੰ ਨਵੇਂ ਸਿਰਿਓਂ ਢਾਲ ਸਕੇ।

ਅਸੀਂ ਹੁਣ ਨੀਲਖੇਤ ਵਿੱਚ ਗੁਰਦਵਾਰਾ ਨਾਨਕ ਸ਼ਾਹੀ ਜਾ ਰਹੇ ਹਾਂ ਜੋ ਢਾਕਾ ਯੂਨੀਵਰਸਿਟੀ ਦੇ ਅੰਦਰ ਹੈ। ਮੁਕਾਮੀ ਰੀਤ ਮੁਤਾਬਕ ਢਾਕਾ ਦੇ ਰਾਜਾ ਨੇ ਗੁਰਦਵਾਰਾ ਨਾਨਕ ਸ਼ਾਹੀ ਲਈ ੯੦੦ ਏਕੜ ਜ਼ਮੀਨ ਦਿੱਤੀ ਸੀ। ਬਾਅਦ ਵਿੱਚ ਢਾਕਾ ਯੂਨੀਵਰਸਿਟੀ ਉਸੇ ਜ਼ਮੀਨ ਉੱਤੇ ਤਾਮੀਰ ਕੀਤੀ ਗਈ। ਸੰਨ ੧੯੫੦ ਦੀਆਂ ਤਸਵੀਰਾਂ ਵਿੱਚ ਦਰਜ ਸਮਾਧਾਂ ਤੋਂ ਪਤਾ ਲਗਦਾ ਹੈ ਕਿ ਇਸ ਗੁਰਦਵਾਰੇ ਦੀ ਸੇਵਾ ਸੰਭਾਲ ਦਾ ਕੰਮ ਉਦਾਸੀ ਸੰਪ੍ਰਦਾਇ ਕਰਦਾ ਸੀ। ਇਹ ਬਰੇ-ਸਗੀਰ ਦੀ ੧੯੪੭ ਵਿੱਚ ਵੰਡ ਤੋਂ ਪਹਿਲਾਂ ਲੋਕਾਂ ਦਾ ਮਨਭਾਉਂਦਾ ਅਸਥਾਨ ਸੀ। ਵੰਡ ਦੌਰਾਨ ਢਾਕਾ ਦੀ ਜ਼ਿਆਦਾਤਰ ਨਾਨਕ ਨਾਮ ਲੇਵਾ ਸੰਗਤ ਹਿਜਰਤ ਕਰ ਗਈ ਸੀ। ਇਸ ਤੋਂ ਬਾਅਦ ਇਮਾਰਤ ਖ਼ਸਤਾਹਾਲ ਹੋ ਗਈ। ਸੰਨ ੧੯੮੮ ਵਿੱਚ ਇਸ ਅਸਥਾਨ ਦੀ ਮੁਰੰਮਤ ਦਾ ਕੰਮ ਸ਼ੁਰੂ ਹੋਇਆ। ਇਸ ਗੁਰਦਵਾਰੇ ਵਿੱਚ ਹੁਣ ਵੀ ਵੰਨ-ਸੁਵੰਨੇ ਪਿਛੋਕੜ ਵਾਲੀ ਸੰਗਤ ਆਉਂਦੀ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ ਢਾਕਾ ਵਿੱਚ ਆਉਣ ਦੀ ਯਾਦਗਾਰ ਵਜੋਂ ਗੁਰਦਵਾਰਾ ਨਾਨਕ ਸ਼ਾਹੀ ਉੱਨ੍ਹੀਵੀਂ ਸਦੀ ਵਿੱਚ ਬਣਾਇਆ ਗਿਆ ਸੀ।

ਸਾਡੀ ਮੁਲਾਕਾਤ ਇੱਕ ਹਿੰਦੂ ਪਰਿਵਾਰ ਨਾਲ ਹੋਈ ਜਿਹੜਾ ਹਰ ਐਤਵਾਰ ਨੂੰ ਗੁਰਮੁਖੀ ਸਿੱਖਣ ਲਈ ਗੁਰਦਵਾਰੇ ਆਉਂਦਾ ਹੈ ਤਾਂ ਜੋ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣ ਅਤੇ ਗੁਰੂ ਨਾਨਕ ਦੇ ਫ਼ਲਸਫ਼ੇ ਦੀ ਗਹਿਰਾਈ ਨੂੰ ਸਮਝ ਸਕਣ।

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ॥
(ਗੁਰੂ ਨਾਨਕ)

ਹੇ ਹਾਜ਼ਰਾ-ਹਜ਼ੂਰ, ਸਭ ਤੇਰੀ ਰਹਿਮਤ ਦੀ ਨਿਵਾਜਿਸ਼ ਹੈ।
(ਗੁਰੂ ਨਾਨਕ)

ਅਸੀਂ ਇੱਕ ਹੋਰ ਹਿੰਦੂ ਪਰਿਵਾਰ ਨੂੰ ਮਿਲੇ ਜਿਹੜਾ ਬਹੁਤ ਸਾਲਾਂ ਤੋਂ ਹਫ਼ਤਾਵਾਰੀ ਸੰਗਤ ਸਾਹਮਣੇ ਕੀਰਤਨ ਕਰਨ ਲਈ ਗੁਰਦਵਾਰੇ ਆਉਂਦਾ ਹੈ।

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ॥
(ਗੁਰੂ ਨਾਨਕ)

ਮੈਂ ਕੀ ਮੰਗਾਂ? ਕੁਝ ਵੀ ਤਾਂ ਸਥਾਈ ਨਹੀਂ।
ਹੇ ਹਾਜ਼ਰਾ-ਹਜ਼ੂਰ, ਮੇਰੇ ਉੱਤੇ ਸੱਚੇ ਸੋਚ-ਵਿਚਾਰ ਦੀ ਰਹਿਮਤ ਕਰੋ ਜੋ ਸਥਾਈ ਹੈ।
(ਗੁਰੂ ਨਾਨਕ)

ਅਸੀਂ ਇੱਕ ਮੁਸਲਮਾਨ ਮਾਂ-ਧੀ ਦੀ ਜੋੜੀ ਨੂੰ ਵੀ ਮਿਲੇ ਜੋ ਬਾਕਾਇਦਾ ਗੁਰਦਵਾਰੇ ਆਉਂਦੀ ਹੈ ਕਿਉਂਕਿ ਉਨ੍ਹਾਂ ਨੂੰ ਗੁਰੂ ਨਾਨਕ ਅਤੇ ਉਨ੍ਹਾਂ ਦੇ ਵਹਿਦਤ ਦੇ ਸੁਨੇਹੇ ਨਾਲ ਸਾਂਝ ਦਾ ਅਹਿਸਾਸ ਹੁੰਦਾ ਹੈ।

**ਗੁਲਸ਼ਨ ਬੀਬੀ:** ਮੇਰਾ ਨਾਮ ਗੁਲਸ਼ਨ ਹੈ। ਮੈਂ ਮੁਸਲਿਮ ਭਾਈਚਾਰੇ ਤੋਂ ਹਾਂ। ਲੋਕ ਮੈਨੂੰ ਪਿਆਰ ਨਾਲ ਸਿਮਰਨ ਕਹਿੰਦੇ ਹਨ। ਮੈਂ, ਮੇਰੇ ਮਾਪੇ ਅਤੇ ਮੇਰੇ ਭਾਈ ਗੁਰੂ ਨਾਨਕ ਸ਼ਾਹੀ ਆਉਂਦੇ ਹਾਂ ਅਤੇ ਮੈਨੂੰ ਇੱਥੇ ਆਉਣਾ ਬਹੁਤ ਚੰਗਾ ਲਗਦਾ ਹੈ ਕਿਉਂਕਿ ਗੁਰੂ ਨਾਨਕ ਜੀ ਨੇ ਕਿਹਾ ਹੈ ਕਿ ਕੌਣ ਮੁਸਲਿਮ, ਕੌਣ ਹਿੰਦੂ, ਕੌਣ ਬ੍ਰਾਹਮਣ, ਕੌਣ ਈਸਾਈ। ਇੱਥੇ ਕੋਈ ਫ਼ਰਕ ਨਹੀਂ ਹੈ। ਇੱਥੇ ਹਰ ਧਰਮ ਦੇ ਲੋਕ ਆਉਂਦੇ ਰਹਿੰਦੇ ਹਨ। ਗੁਰੂ ਨਾਨਕ ਤਾਂ ਸਾਡੇ ਮੱਕੇ ਵੀ ਗਏ ਸਨ।

ਪਾਰਸ਼ ਲਾਲ ਬੇਗੀ ਗੁਰੂ ਨਾਨਕ ਦੇ ਨਾਮ ਲੇਵਾ ਹਨ ਅਤੇ ਇਸ ਵੇਲੇ ਗੁਰਦਵਾਰਾ ਨਾਨਕ ਸ਼ਾਹੀ ਦੇ ਪ੍ਰਧਾਨ ਹਨ। ਸਾਨੂੰ ਉਨ੍ਹਾਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ।

**ਪਾਰਸ਼ ਲਾਲ ਬੇਗੀ:** ਉਨ੍ਹਾਂ ਦਾ ਸੁਨੇਹਾ ਸੀ ਕਿ ਦੁਨੀਆ ਵਿੱਚ ਧਰਮ ਨੂੰ ਲਿਬਾਸ ਵਿੱਚੋਂ ਨਾ ਦੇਖੋ ਕਿਉਂਕਿ ਲਿਬਾਸ ਬੇਮਾਅਨਾ ਹੈ। ਜੇ ਮੈਂ ਟੋਪੀ ਪਾਈ ਹੈ ਤਾਂ ਮੈਂ ਮੁਸਲਮਾਨ ਹੋ ਗਿਆ, ਜੇ ਮੈਂ ਜਨੇਊ ਪਾ ਲਿਆ ਤਾਂ

ਮੈਂ ਹਿੰਦੂ ਹੋ ਗਿਆ। ਅਜਿਹਾ ਕੁਝ ਨਹੀਂ। ਸਭ ਖ਼ੁਦਾ ਦੇ ਬੰਦੇ ਹਨ। ਉਨ੍ਹਾਂ ਨੇ ਇਹ ਸਮਝਾਉਣ ਲਈ ਖ਼ੁਦਾ ਦਾ ਹੀ ਇਸਤੇਮਾਲ ਕੀਤਾ। ਇੱਥੇ ਆਉਣ ਵਾਲਾ ਹਰ ਤੀਜਾ ਮਨੁੱਖ ਮੁਸਲਮਾਨ ਹੈ। ਉਹ ਸਾਡੇ ਨਾਲ ਬੈਠ ਕੇ ਸੰਗਤ ਵਿੱਚ ਲੰਗਰ ਛਕਦੇ ਹਨ।

ਹਰ ਐਤਵਾਰ ਨੂੰ ਢਾਕਾ ਯੂਨੀਵਰਸਿਟੀ ਦੇ ਮੁਸਲਮਾਨ ਵਿਦਿਆਰਥੀ ਨਾਨਕ ਸ਼ਾਹੀ ਗੁਰਦਵਾਰੇ ਦੇ ਲੰਗਰ ਵਿੱਚ ਆਉਂਦੇ ਹਨ। ਜਿਹੜੀ ਰੀਤ ਦਾ ਬੀਜ ਗੁਰੂ ਨਾਨਕ ਨੇ ਫਾਰੂਕਾਬਾਦ ਪਾਕਿਸਤਾਨ ਵਿੱਚ ਬੀਜਿਆ ਸੀ ਉਹ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਜਿਉਂਦੀ ਹੈ।

ਪਾਰਸ਼ ਲਾਲ ਬੇਗੀ ਦੀ ਨਿਗਰਾਨੀ ਵਿੱਚ ਵਿਦੇਸ਼ੀ ਸਿੱਖ ਸੰਗਤ ਦੀ ਇਮਦਾਦ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਹੱਥਲਿਖਤ ਇਤਿਹਾਸਕ ਬੀੜਾਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਇਨ੍ਹਾਂ ਬੀੜਾਂ ਦਾ ੧੯੭੦ਵਿਆਂ ਦੇ ਸਿਆਸੀ ਕਲੇਸ਼ ਦੌਰਾਨ ਨੁਕਸਾਨ ਹੋ ਗਿਆ ਸੀ।

ਗੁਰੂ ਨਾਨਕ ਦੇ ਵਹਿਦਤ ਦੇ ਸੁਨੇਹੇ ਮੁਤਾਬਕ ਨਾਨਕ ਸ਼ਾਹੀ ਗੁਰਦਵਾਰੇ ਦਾ ਮਜ਼ਹਬੀ ਇਤਫ਼ਾਕ ਆਸ ਜਗਾਉਂਦਾ ਹੈ ਕਿ ਆਉਣ ਵਾਲਾ ਸਮਾਂ ਸਮਾਜਿਕ ਏਕੇ ਵਾਲਾ ਹੋਵੇਗਾ।

ਬੰਗਲਾਦੇਸ਼ ਵਿੱਚ ਢਾਕਾ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਬ੍ਰਹਮਪੁਤਰਾ ਨਦੀ ਵਿੱਚ ਕਿਸ਼ਤੀ ਰਾਹੀ ਢੁਬਰੀ ਦਾ ਸਫ਼ਰ ਕੀਤਾ ਜੋ ਇਸ ਵੇਲੇ ਇੰਡੀਆ ਦੇ ਸੂਬੇ ਆਸਾਮ ਵਿੱਚ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਇੰਡੀਆ-ਬੰਗਲਾਦੇਸ਼ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਬੰਗਲਾਦੇਸ਼ ਤੋਂ ਇੰਡੀਆ ਗਏ ਅਤੇ ਢੁਬਰੀ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ ਸਮੇਂ ਵਿੱਚ ਬੰਗਲਾਦੇਸ਼ ਦੇ ਇਲਾਕੇ ਗੋਲਪਾਰਾ, ਕੂਚ ਬਿਹਾਰ ਅਤੇ ਰੰਗਪੁਰ ਦਾ ਇੱਕੋ ਨਾਮ ਸੀ, ਕਾਮਰੂਪ। ਇਸ ਇਲਾਕੇ ਵਿੱਚ 'ਤੰਤਰਿਕ' ਪੂਜਾ ਹੁੰਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਢੁਬਰੀ ਵਿੱਚ ਬ੍ਰਹਮਪੁਤਰਾ ਨਦੀ ਦੇ ਕੰਢੇ ਕਿਆਮ ਕੀਤਾ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਢੁਬਰੀ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਹ ਗੁਰੂ ਤੇਗ਼ ਬਹਾਦੁਰ ਦੇ ਇਸ ਅਸਥਾਨ ਉੱਤੇ ਆਉਣ ਦੀ ਵੀ ਯਾਦਗਾਰ ਹੈ।

ਬਹੁਤ ਸਾਰੇ ਤੀਰਥ ਅਸਥਾਨ ਦੀ ਜ਼ਿਆਰਤ ਦੇ ਤਜਰਬੇ ਬਾਰੇ ਵਿਚਾਰ ਕਰਦੇ ਹੋਏ ਗੁਰੂ ਨਾਨਕ ਨੇ ਬ੍ਰਹਮਪੁਤਰਾ ਦੇ ਕੰਢੇ ਇਹ ਸ਼ਬਦ ਗਾਇਆ,

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥
ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ॥

(ਰਾਗ ਸੋਰਠਿ, ਗੁਰੂ ਨਾਨਕ)

ਸੰਤਾਂ ਦੀ ਸੰਗਤ ਵਿਵੇਕ ਦੇ ਤਲਬਗਾਰ ਲਈ ਤੀਰਥ ਸਮਾਨ ਹੈ।
ਅਠਾਹਠ ਤੀਰਥਾਂ ਉੱਤੇ ਇਸ਼ਨਾਨ ਕਰਨ ਦਾ ਸਾਰ ਵਿਵੇਕ ਦੀ ਸੱਚੀ ਪ੍ਰਾਪਤੀ ਤੋ ਮਿਲਦਾ ਹੈ।
(ਰਾਗ ਸੋਰਠਿ, ਗੁਰੂ ਨਾਨਕ)

ਤੀਰਥ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਾਅਨਾ 'ਚੌਰਾਹਾ' ਹੈ। ਇਹ ਆਤਮ ਪੜਚੋਲ ਰਾਹੀਂ ਆਪਣੇ-ਆਪ ਨੂੰ ਤਬਦੀਲ ਕਰਨ ਦੀ ਤਸ਼ਬੀਹ ਹੈ। ਰੌਸ਼ਨ-ਖ਼ਿਆਲ ਲੋਕਾਂ ਨਾਲ ਰਾਬਤਾ ਇਸ ਤਬਦੀਲੀ ਦਾ ਫ਼ੈਸਲਾਕੁੰਨ ਸਰੋਤ ਬਣਦਾ ਹੈ। ਇਸ ਲਈ ਤੀਰਥ ਦਾ ਮਾਅਨਾ ਸਿਰਫ਼ ਮਹਜ਼ਬੀ ਅਸਥਾਨ ਦਾ ਫੇਰਾ ਪਾਉਣਾ ਨਹੀਂ ਹੈ ਸਗੋਂ ਹਨੇਰੇ ਨੂੰ ਚਾਕ ਕਰਨ ਲਈ ਰੂਹਾਨੀ ਵਿਵੇਕ ਹਾਸਿਲ ਕਰਨਾ ਹੈ।

ਢੁਬਰੀ ਦੇ ਗੁਰਦਵਾਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਹੱਥਲਿਖਤ ਇਤਿਹਾਸਕ ਬੀੜਾਂ ਦੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਢੁਬਰੀ ਤੋਂ ਬ੍ਰਹਮਪੁੱਤਰਾ ਨਦੀ ਵਿੱਚ ਕਿਸ਼ਤੀ ਰਾਹੀਂ ਗੋਵਾਹਾਟੀ ਦਾ ਸਫ਼ਰ ਕੀਤਾ। ਇਸ ਇਲਾਕੇ ਨੂੰ ਉਸ ਵੇਲੇ ਕਾਮਰੂਪ ਕਹਿੰਦੇ ਸਨ।

ਅਸੀਂ ਗੁਰੂ ਨਾਨਕ ਦੇ ਪਦਚਿਨ੍ਹਾਂ ਉੱਤੇ ਢੁਬਰੀ ਤੋਂ ਗੋਵਾਹਾਟੀ ਜਾ ਰਹੇ ਹਾਂ।

ਜਦੋਂ ਗੁਰੂ ਨਾਨਕ ਗੋਵਾਹਾਟੀ ਆਏ ਸਨ ਤਾਂ ਉਸ ਵੇਲੇ ਇਸ ਸ਼ਹਿਰ ਦਾ ਨਾਮ ਪ੍ਰਯਾਗ ਜਯੋਤਿਸਪੁਰ ਸੀ। ਪੰਦਰ੍ਹਵੀਂ ਸਦੀ ਵਿੱਚ ਕਾਮਰੂਪ ਇਲਾਕੇ ਦੀ ਕੋਚੀ ਬਰਾਦਰੀ ਤੰਤਰਿਕ ਅਮਲਾਂ ਵਿੱਚ ਗ੍ਰਸਤ ਸੀ ਜਿਸ ਵਿੱਚ ਕਾਲਾ ਜਾਦੂ ਸ਼ਾਮਿਲ ਹੈ। ਉਹ ਨਾਰੀ ਸ਼ਕਤੀ ਦੀ ਪੂਜਾ ਕਰਦੇ ਸਨ ਅਤੇ ਕਾਮਾਖਿਆ ਉਨ੍ਹਾਂ ਦੀ ਦੇਵੀ ਸੀ।

ਹੁਣ ਅਸੀਂ ਗੋਵਾਹਾਟੀ ਵਿੱਚ ਕਾਮਾਖਿਆ ਮੰਦਿਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸ਼ਿਹਿਰ ਵਿੱਚ ਨੀਲਾਚਲ ਪਹਾੜੀ ਉੱਤੇ ਕਾਮਾਖਿਆ ਮੰਦਿਰ ਹੈ। ਇਹ ਸ਼ਕਤੀ ਦਾ ਮੰਦਿਰ ਹੈ ਜਿੱਥੇ 'ਤੰਤਰਿਕ' ਪੂਜਾ ਹੁੰਦੀ ਹੈ।

ਕਾਮਰੂਪ ਵਿੱਚ ਜਦੋਂ ਭਾਈ ਮਰਦਾਨਾ ਖਾਣਾ ਲੈਣ ਗਏ ਤਾਂ ਕਾਮਾਖਿਆ ਦੇਵੀ ਦੀਆਂ ਪੈਰੋਕਾਰ ਮੁਕਾਮੀ ਔਰਤਾਂ ਨੇ ਤੰਤਰਿਕ ਸ਼ਕਤੀਆਂ ਰਾਹੀਂ ਉਨ੍ਹਾਂ ਨੂੰ ਆਪਣੇ ਵਸ ਵਿੱਚ ਕਰ ਲਿਆ। 'ਜਨਮਸਾਖੀ' ਲਿਖਤਾਂ ਅਤੇ ਕਲਾ ਕਿਰਤਾਂ ਵਿੱਚ ਦਰਸਾਇਆ ਗਿਆ ਹੈ ਕਿ ਉਨ੍ਹਾਂ ਨੇ ਭਾਈ ਮਰਦਾਨਾ ਨੂੰ ਭੇਡੂ ਵਿੱਚ ਤਬਦੀਲ ਕਰ ਦਿੱਤਾ। ਮੇਰਾ ਨਿੱਜੀ ਵਿਚਾਰ ਹੈ ਕਿ ਉਨ੍ਹਾਂ ਔਰਤਾਂ ਨੇ ਭਾਈ ਮਰਦਾਨਾ ਦੀ ਸੁਰਤ ਭੁਲਾ ਦਿੱਤੀ ਅਤੇ ਉਨ੍ਹਾਂ ਦੀ ਹਾਲਤ ਭੇਡੂ ਵਰਗੀ ਹੋ ਗਈ। ਇਹ ਕਲਾ ਕਿਰਤਾਂ ਉਸ ਮਨੁੱਖ ਨੂੰ ਤਸ਼ਬੀਹੀ ਰੂਪ ਵਿੱਚ ਪੇਸ਼ ਕਰਦੀਆਂ ਹਨ ਜੋ ਬੁਰਾਈ ਦੇ ਅਸਰ ਹੇਠ ਆਪਣੀ ਸੁੱਧ-ਬੁੱਧ ਗੁਆ ਚੁੱਕਿਆ ਹੈ।

ਗੁਰੂ ਨਾਨਕ ਨੇ ਅੰਦਾਜ਼ਾ ਲਗਾਇਆ ਕਿ ਭਾਈ ਮਰਦਾਨਾ ਕਿਸੇ ਮੁਸ਼ਕਲ ਵਿੱਚ ਹਨ ਅਤੇ ਆਪ ਉਨ੍ਹਾਂ ਨੂੰ ਲੱਭਣ ਚਲ ਪਏ। ਉਨ੍ਹਾਂ ਔਰਤਾਂ ਨੇ ਗੁਰੂ ਨਾਨਕ ਨੂੰ ਵੀ ਰਿਝਾਉਣ ਦਾ ਉਪਰਾਲਾ ਕੀਤਾ ਪਰ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਹੋਇਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਮੰਦਾ ਨਹੀਂ ਬੋਲਿਆ ਸਗੋਂ ਆਪਣੇ ਗਾਇਨ ਰਾਹੀਂ ਉਨ੍ਹਾਂ ਨੂੰ ਆਪਣੀਆਂ ਸੋਚਾਂ ਵਿੱਚ ਤਬਦੀਲੀ ਲਿਆਉਣ ਦੀ ਪ੍ਰੇਰਨਾ ਕੀਤੀ।

ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ॥
ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ॥੨॥
ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ॥
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ॥੩॥
ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ॥
ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ॥
(ਰਾਗ ਵਡਹੰਸ, ਗੁਰੂ ਨਾਨਕ)

ਜੇ ਕੰਮ ਚੰਗੇ ਹੋਣ ਤਾਂ ਮਨ ਗੁਣਾਂ ਦਾ ਤਾਣਾ ਬਣ ਜਾਂਦਾ ਹੈ।
ਵਿਵੇਕ ਦਾ ਹੀਰਾ ਬੇਸ਼ਕੀਮਤੀ ਹੈ ਜੋ ਚੇਤਨਾ ਦੇ ਗਲ਼ ਵਿੱਚ ਟੰਗਿਆ ਜਾਂਦਾ ਹੈ।
ਜੇ ਕੋਈ ਜਾਣੂੰ ਰਾਹ ਉੱਤੇ ਨਾ ਤੁਰੇ ਤਾਂ ਮੰਜ਼ਿਲ ਉੱਤੇ ਪਹੁੰਚਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ!
ਆਤਮ-ਪੜਚੋਲ ਦੇ ਅਮਲਾਂ ਨੂੰ ਭੁਲਾ ਕੇ ਕੋਈ ਆਪਣੇ ਅੰਦਰਲੇ ਘਰ ਵਿੱਚ ਕਿਵੇਂ ਵਸ ਸਕਦਾ ਹੈ?
ਨਾਨਕ ਨੇ ਫ਼ਰਮਾਇਆ ਕਿ ਵਹਿਦਤ ਤੋਂ ਬਿਨਾਂ ਦੂਜਾ ਕੋਈ ਨਹੀਂ।
ਜੇ ਮਨ ਦੀ ਲਾੜੀ ਸੰਗ ਨਿਭਾਵੇ ਤਾਂ ਸਦੀਵੀ ਖ਼ੁਸ਼ੀਆਂ ਦਾ ਸੁੱਖ ਮਾਣ ਸਕਦੀ ਹੈ।
(ਰਾਗ ਵਡਹੰਸ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਸਦਗੁਣੀ ਸੋਚ ਉੱਤੇ ਬਦਬਖ਼ਤੀ ਦਾ ਅਸਰ ਨਹੀਂ ਹੁੰਦਾ। ਉਹ ਅੰਮ੍ਰਿਤ ਰੂਪੀ ਗੁਣਾਂ ਦੇ ਸਾਥ ਦਾ ਆਨੰਦ ਮਾਣਦੇ ਹਨ।

ਉਨ੍ਹਾਂ ਔਰਤਾਂ ਨੂੰ ਗੁਰੂ ਨਾਨਕ ਦੀ ਸ਼ਰਾਫ਼ਤ ਵਾਲੀ ਸੋਚ ਦਾ ਥਾਹ ਨਾ ਪਿਆ। ਉਨ੍ਹਾਂ ਨੇ ਗੁਰੂ ਨਾਨਕ ਨੂੰ ਗਾ ਕੇ ਆਪਣੇ ਜਾਦੂ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਅਸਰ ਨਹੀਂ ਹੋਇਆ। ਨਾਕਾਮਯਾਬੀ ਤੋਂ ਬਾਅਦ ਉਨ੍ਹਾਂ ਔਰਤਾਂ ਨੇ ਲਾਲਚ ਦਾ ਦਾਅ ਅਜ਼ਮਾਉਣ ਲਈ ਸੌਗਾਤਾਂ ਪੇਸ਼ ਕੀਤੀਆਂ। ਗੁਰੂ ਨਾਨਕ ਉਨ੍ਹਾਂ ਦੇ ਜਾਦੂ ਦੇ ਅਸਰ ਵਿੱਚ ਨਹੀਂ ਆਏ ਅਤੇ ਆਪਣੇ ਅਸੂਲਾਂ ਉੱਤੇ ਦ੍ਰਿੜ੍ਹ ਰਹੇ। ਉਨ੍ਹਾਂ ਗਾਇਆ,

ਤਾਲ ਮਦੀਰੇ ਘਟ ਕੇ ਘਾਟ॥
ਦੋਲਕ ਦੁਨੀਆ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ॥
ਜਤੀ ਸਤੀ ਕਹ ਰਾਖਹਿ ਪਾਉ॥
ਨਾਨਕ ਨਾਮ ਵਿਟਹੁ ਕੁਰਬਾਣੁ॥
ਅੰਧੀ ਦੁਨੀਆ ਸਾਹਿਬੁ ਜਾਣੁ॥

(ਰਾਗੁ ਆਸਾ, ਗੁਰੂ ਨਾਨਕ)

ਮਨ ਦੀ ਬਿਰਤੀ ਮਦੀਰੇ ਅਤੇ ਘੁੰਗਰੂਆਂ ਵਾਂਗ ਹੈ।
ਮਨੁੱਖ ਦੀਆਂ ਲਾਲਸਾਵਾਂ ਢੋਲ ਉੱਤੇ ਪਈ ਚੋਟ ਦੀ ਥਾਪ ਵਾਂਗ ਗੂੰਜਦੀਆਂ ਹਨ।
ਨਾਰਦ ਫ਼ਰੇਬ ਦੀ ਤਾਲ ਉੱਤੇ ਰਕਸ ਕਰਦਾ ਹੈ।
ਜਤੀ ਅਤੇ ਸਤੀ ਆਪਣੇ ਪੈਰ ਕਿੱਥੇ ਟਿਕਾ ਸਕਦੇ ਹਨ?
ਨਾਨਕ ਚੇਤਨਾ ਦੇ ਉਸ ਨਾਮ ਦੇ ਕੁਰਬਾਨ ਜਾਂਦਾ ਹੈ।
ਦੁਨੀਆ ਅੰਨ੍ਹੀ ਹੈ ਜਿਸ ਨੂੰ ਸਰਵ-ਵਿਆਪੀ ਨਜ਼ਰ ਨਹੀਂ ਆਉਂਦਾ।
(ਰਾਗ ਆਸਾ, ਗੁਰੂ ਨਾਨਕ)

ਚੰਚਲ ਮਨ ਲਾਲਸਾਵਾਂ ਦੀ ਤਾਲ ਉੱਤੇ ਨੱਚਦਾ ਹੈ। ਵਹਿਦਤ ਦੇ ਸਦੀਵੀ ਸੱਚ ਦੀ ਥਾਹ ਪਾ ਕੇ ਹੀ ਸੰਤੋਖ ਮਿਲ ਸਕਦਾ ਹੈ।

ਹਾਲਾਤ ਨਾਲ ਖ਼ਿਆਲ ਬਣਦੇ ਹਨ ਜੋ ਮਨ ਨੂੰ ਖ਼ਸੂਸੀ ਵਿਹਾਰ ਕਰਨ ਲਈ ਢਾਲਦੇ ਹਨ। ਜੇ ਬੰਦਖ਼ਲਾਸੀ ਦਾ ਇਜ਼ਹਾਰ ਸਮਝ ਵਿੱਚ ਪੈ ਜਾਵੇ ਤਾਂ ਇਸ ਨਾਲ ਸ਼ਖ਼ਸੀਅਤ ਦਾ ਵਿਗਾਸ ਕਰਨ ਵਾਲੇ ਫ਼ੈਸਲਾਕੁੰਨ ਖ਼ਿਆਲ ਪੈਦਾ ਹੋ ਸਕਦੇ ਹਨ। ਗੁਰੂ ਨਾਨਕ ਦੇ ਵਿਵੇਕ ਭਰਪੂਰ ਸ਼ਬਦ ਸੁਣ ਕੇ ਗੁੰਮਰਾਹ ਹੋਈਆਂ ਔਰਤਾਂ ਦੀਆਂ ਗ਼ਲਤ-ਫ਼ਹਿਮੀਆਂ ਦੂਰ ਹੋ ਗਈਆਂ।

ਮੈਂ ਜਾਣਦਾ ਹਾਂ ਕਿ ਅਸੀਂ ਸਭ ਚੰਗਿਆਈ ਦੇ ਸਦਗੁਣਾਂ ਨਾਲ ਪੈਦਾ ਹੋਏ ਹਾਂ ਪਰ ਮੈਂ ਦੁਬਿਧਾ ਵਿੱਚ ਰਹਿੰਦਾ ਹਾਂ। ਮੈਂ ਪਦਾਰਥ ਦੀ ਲਾਲਸਾ ਅਤੇ ਕਾਮਨਾਵਾਂ ਵਿੱਚ ਫਸਿਆ ਰਹਿੰਦਾ ਹਾਂ। ਮੈਂ ਇਨ੍ਹਾਂ ਤੋਂ ਮੁਕਤ ਕਿਵੇਂ ਹੋ ਸਕਦਾ ਹਾਂ?

ਕਨਿਕ ਕਾਮਨੀ ਹੇਤੁ ਗਵਾਰਾ॥
ਦੁਬਿਧਾ ਲਾਗੇ ਨਾਮੁ ਵਿਸਾਰਾ॥
(ਰਾਗ ਆਸਾ, ਗੁਰੂ ਨਾਨਕ)

ਗਵਾਰ ਮਨੁੱਖ ਪਦਾਰਥਵਾਦ ਅਤੇ ਲਾਲਸਾਵਾਂ ਵਿੱਚ ਫਸਿਆ ਹੈ।
ਦੁਬਿਧਾ ਵਿੱਚ ਫਸਿਆ ਮਨੁੱਖ ਵਿਵੇਕ ਨੂੰ ਵਿਸਾਰ ਦਿੰਦਾ ਹੈ।
(ਰਾਗ ਆਸਾ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੦: ਗਭੀਰਾ (ਗਹਿਰਾਈ)

ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀ ਪੂਰਬੀ ਭਾਰਤ ਅਤੇ ਬੰਗਲਾਦੇਸ਼ ਦੀ ਯਾਤਰਾ ਨੂੰ ਸਮਝਣ ਲਈ ਇਕ ਸੂਤਰਬਧ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਇਹ ਉਨ੍ਹਾਂ ਦੀ ਵੱਖ-ਵੱਖ ਧਾਰਮਿਕ ਧਰਾਤਲਾਂ ਨਾਲ ਸੰਬੰਧਿਤ ਯਾਤਰਾ ਨੂੰ ਸਮਝਣ ਲਈ ਇਤਿਹਾਸਕ ਸੂਝ ਪ੍ਰਦਾਨ ਕਰਦੀ ਹੈ; ਜਿਵੇਂ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਵਿਚ ਉਦਾਸੀ ਮਤ ਦੀ ਮਹੱਤਤਾ, ਉਨ੍ਹਾਂ ਦੀ ਉਦਾਸੀ ਨਾਲ ਸੰਬੰਧਿਤ ਮਹੱਤਵਪੂਰਨ ਸਥਾਨਾਂ ਅਤੇ ਵੱਖ-ਵੱਖ ਭਾਈਚਾਰਿਆਂ ਵਿਚ ਉਨ੍ਹਾਂ ਦੇ ਵਿਸ਼ਵਵਿਆਪੀ ਗੁਣਭਰਪੂਰ ਸੰਦੇਸ਼ ਦੀ ਸਲਾਹੁਣਾ ਆਦਿ। ਦਾਰਸ਼ਨਿਕ ਪੱਧਰ ‘ਤੇ, ਇਹ ਨੁਕਤੇ ਉਨ੍ਹਾਂ ਦੀਆਂ ਗੂੜ੍ਹ ਵਿਚਾਰਧਾਰਾਵਾਂ ਜਿਵੇਂ ਕਿ ‘ਸਬਦ’ ਅਤੇ ‘ਨਾਮ’, ਲਿੰਗ ਸਮਾਨਤਾ ਪ੍ਰਤੀ ਅਟੁੱਟ ਵਚਨਬੱਧਤਾ, ਭੌਤਿਕ ਸੰਪਤੀ ਅਤੇ ਰੂਹਾਨੀ ਗਿਆਨ ਦੇ ਵਿਚਕਾਰਲੇ ਅੰਤਰ ਅਤੇ ਅਸਲ ਤੀਰਥ ਬਾਰੇ ਸੂਝ ਭਰਪੂਰ ਪਰਿਪੇਖਾਂ ਨੂੰ ਸਮਝਣ ਲਈ ਸੱਦਾ ਦਿੰਦੇ ਹਨ। ਐਪੀਸੋਡ ਦਾ ਇਹ ਬ੍ਰਿਤਾਂਤ ਗੁਰੂ ਨਾਨਕ ਦੁਆਰਾ ਨਿਰੰਤਰ ਵਿਸ਼ਵਵਿਆਪੀ ਸੰਦੇਸ਼ ਨੂੰ ਪ੍ਰਚਾਰਨ ਸਮੇਂ ਉਨ੍ਹਾਂ ਦੀ ਵਿਭਿੰਨ ਸੱਭਿਆਚਾਰਕ ਅਤੇ ਧਾਰਮਿਕ ਪਰੰਪਰਾਵਾਂ ਨਾਲ ਜੁੜਨ ਦੀ ਸਮਰੱਥਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਵੱਖ-ਵੱਖ ਪਿਛੋਕੜਾਂ ਵਾਲੇ ਵਿਅਕਤੀਆਂ ਜਿਵੇਂ ਬਿਹਾਰ ਦੇ ਪਿੰਡਾਂ ਤੋਂ ਲੈ ਕੇ ਬੰਗਾਲੀ ਹਿੰਦੂਆਂ, ਢਾਕਾ ਦੇ ਮੁਸਲਮਾਨਾਂ ਅਤੇ ਕਾਮਰੂਪ ਵਿਚ ਤੰਤਰ ਵਿਦਿਆ ਦਾ ਅਭਿਆਸ ਕਰਨ ਵਾਲੇ ਤਾਂਤਰਿਕਾਂ ਨਾਲ ਰਚਾਏ ਅਰਥਭਰਪੂਰ ਸੰਵਾਦ ਇਹ ਦਰਸਾਉਂਦੇ ਹਨ ਕਿ ਉਨ੍ਹਾਂ ਨੇ ਆਪਣੀਆਂ ਸਿੱਖਿਆਵਾਂ ਨੂੰ ਵਿਸ਼ੇਸ਼ ਪਰਸਥਿਤੀਆਂ ਅਨੁਸਾਰ ਢਾਲ ਕੇ ਏਕਤਾ, ਸਮਾਨਤਾ, ਅਤੇ ਅੰਤਰੀਵੀ ਰੁਪਾਂਤ੍ਰਣ ਦਾ ਪੈਗਾਮ ਮਾਨਵਤਾ ਵਿਚ ਫੈਲਾਇਆ। ਇਹ ਨੁਕਤੇ ਨਾ ਸਿਰਫ ਸਾਡੀ ਸੂਝ ਨੂੰ ਵਧਾਉਂਦੇ ਹਨ; ਬਲਕਿ ਗੁਰੂ ਨਾਨਕ ਦੇ ਦਰਸ਼ਨ ਨੇ ਭੂਗੋਲਿਕ, ਭਾਸ਼ਾਈ ਅਤੇ ਧਾਰਮਿਕ ਹੱਦਾਂ ਨੂੰ ਕਿਵੇਂ ਪਾਰ ਕੀਤਾ ਬਾਰੇ ਵੀ ਚਾਨਣਾ ਪਾਉਂਦੇ ਹਨ। ਇਹ ਉਨ੍ਹਾਂ ਦੀ ਉਸ ਵਿਰਾਸਤ ਦੀ ਪੁਸ਼ਟੀ ਵੀ ਕਰਦੇ ਹਨ ਜੋ ਉਨ੍ਹਾਂ ਦੁਆਰਾ ਦਿਲੋਂ ਟੁੰਬੇ ਗਏ ਵੱਖ-ਵੱਖ ਭਾਈਚਾਰਿਆਂ ਵਿਚ ਅੱਜ ਵੀ ਅੰਤਰਧਾਰਮਿਕ ਸਾਂਝ ਅਤੇ ਰੂਹਾਨੀ ਖੋਜ ਲਈ ਪ੍ਰੇਰਨਾ ਦਾ ਸੋਮਾ ਬਣੀ ਹੋਈ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਪੂਰਬੀ ਭਾਰਤ ਅਤੇ ਬੰਗਲਾਦੇਸ਼ ਦੀ ਯਾਤਰਾ ਦਾ ਮਾਰਗ ਕੀ ਸੀ, ਅਤੇ ਉਨ੍ਹਾਂ ਦਾ ਵਾਸਤਾ ਕਿਹੜੇ ਮਹੱਤਵਪੂਰਨ ਧਾਰਮਿਕ ਅਤੇ ਸੱਭਿਆਚਾਰਕ ਸੰਦਰਭਾਂ ਨਾਲ ਪਿਆ?

ਇਹ ਐਪੀਸੋਡ ਗੁਰੂ ਨਾਨਕ ਦੀ ਪੂਰਬ ਵੱਲ ਕੀਤੀ ਯਾਤਰਾ ਦਾ ਨਕਸ਼ਾ ਪੇਸ਼ ਕਰਦਾ ਹੈ; ਸੋਨਪੁਰ ਤੋਂ, ਗੁਰੂ ਨਾਨਕ ਅਤੇ ਭਾਈ ਮਰਦਾਨਾ ਮੁੰਗੇਰ, ਭਾਗਲਪੁਰ, ਕੰਤ ਨਗਰ, ਮਾਲਦਾ, ਢਾਕਾ, ਧੁਬਰੀ ਰਾਹੀਂ ਗੁਵਾਹਾਟੀ ਪਹੁੰਚੇ। ਇਸ ਸਫ਼ਰ ਦੌਰਾਨ ਉਹ ਵੱਖ-ਵੱਖ ਧਾਰਮਿਕ ਧਰਾਤਲਾਂ ਵਿਚੋਂ ਗੁਜ਼ਰੇ।

ਮੁੰਗੇਰ ਦੇ ਇਤਿਹਾਸਕ ਹਵਾਲੇ ਦੱਸਦੇ ਹਨ ਕਿ ਸੱਤਵੀਂ ਸਦੀ ਦੇ ਚੀਨੀ ਯਾਤਰੀ ਹਿਉਨਸਾਂਗ ਨੇ ਆਪਣੀਆਂ ਲਿਖਤਾਂ ਵਿੱਚ ਲਿਖਿਆ ਕਿ ਮੁੰਗੇਰ ਵਿਚ ਉਸ ਨੇ ਕਈ ਬੋਧ ਮਠ ਅਤੇ ਮੰਦਰ ਵੇਖੇ। ਮੁੰਗੇਰ ਦੇ ਲੋਕ ਸ਼ਿਵ (ਨਰ ਸ਼ਕਤੀ) ਅਤੇ ਸ਼ਕਤੀ (ਮਾਦਾ ਊਰਜਾ) ਦੀ ਪੂਰੀ ਸ਼ਰਧਾ ਨਾਲ ਪੂਜਾ ਕਰਦੇ ਸਨ। ਇਸ ਖੇਤਰ ਵਿਚ ਇਸਲਾਮ ਦਾ ਪ੍ਰਵੇਸ਼ ੧੩ਵੀਂ ਸਦੀ ਵਿੱਚ 'ਤੁਰਕ' (ਮੱਧ ਏਸ਼ੀਆਈ) ਸ਼ਾਸਕਾਂ ਦੁਆਰਾ ਹੋਇਆ। ੧੬ਵੀਂ ਸਦੀ ਵਿਚ, ਜਦ ਗੁਰੂ ਨਾਨਕ ਬੰਗਲਾਦੇਸ਼ ਤੋਂ ਗੁਜ਼ਰੇ, ਤਦ ਇਹ ਖੇਤਰ ਹਿੰਦੂ ਅਤੇ ਮੁਸਲਮਾਨ ਦੋਵਾਂ ਧਰਮਾਂ ਦਾ ਕੇਂਦਰ ਸੀ। ਜਦ ਉਹ ਅਸਾਮ ਪਹੁੰਚੇ, ਤਾਂ ਉਨ੍ਹਾਂ ਦਾ ਵਾਸਤਾ ਕਾਮਰੂਪ ਖੇਤਰ ਵਿਚ ਕੋਚੀ ਲੋਕਾਂ ਨਾਲ ਪਿਆ, ਜਿੱਥੇ 'ਤਾਂਤਰਿਕ' ਕਿਰਿਆਵਾਂ ਦਾ ਬਹੁਤ ਪ੍ਰਭਾਵ ਸੀ। ਉਹ 'ਸ਼ਕਤੀ', (ਮਾਦਾ ਊਰਜਾ ਸ਼ਕਤੀ) ਦੀ ਪੂਜਾ ਕਾਮਾਖਿਆ ਦੇਵੀ ਦੇ ਰੂਪ ਵਿਚ ਕਰਦੇ ਸਨ। ਇਨ੍ਹਾਂ ਵੱਖ-ਵੱਖ ਧਾਰਮਿਕ ਸੰਦਰਭਾਂ ਨੇ ਗੁਰੂ ਨਾਨਕ ਦੀ ਸੰਵਾਦ ਜੁਗਤ ਅਤੇ ਰੂਹਾਨੀ ਵਿਚਾਰਧਾਰਾ ਨੂੰ ਉਨ੍ਹਾਂ ਦੀ ਯਾਤਰਾ ਦੌਰਾਨ ਕਿਵੇਂ ਪ੍ਰਭਾਵਿਤ ਕੀਤਾ ਹੋਵੇਗਾ?

੨. ਪੂਰਬੀ ਭਾਰਤ ਅਤੇ ਬੰਗਲਾਦੇਸ਼ ਵਿਚ ਗੁਰੂ ਨਾਨਕ ਦੀ ਵਿਰਾਸਤ ਨੂੰ ਸੰਭਾਲਣ ਵਿਚ ਉਦਾਸੀ ਮਤ ਨੇ ਕਿਵੇਂ ਯੋਗਦਾਨ ਪਾਇਆ?

ਇਹ ਐਪੀਸੋਡ ਗੁਰੂ ਨਾਨਕ ਦੀ ਵਿਰਾਸਤ ਨੂੰ ਸੰਭਾਲਣ ਵਿਚ ਉਦਾਸੀ ਮਤ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ। ਇਹ ਉਲੇਖ ਕਰਦਾ ਹੈ ਕਿ ਬਿਹਾਰ ਵਿਚ, ਗੁਰੂ ਨਾਨਕ ਦੇ ਦਰਸ਼ਨ ਨੂੰ ਫੈਲਾਉਣ ਲਈ 'ਉਦਾਸੀ ਮਤ' ਸਪ੍ਰਦਾਏ ਵੱਲੋਂ ਕਈ ਕੇਂਦਰ ਸਥਾਪਤ ਕੀਤੇ ਗਏ ਸਨ, ਪਰ

ਹਾਲੀਆ ਸਮੇਂ ਵਿਚ ਉਨ੍ਹਾਂ ਵਿੱਚੋਂ ਬਹੁਤੇ ਅਲੋਪ ਹੋ ਚੁਕੇ ਹਨ। ਮੁੰਗੇਰ ਵਿਚ, 'ਪੱਕੀ ਸੰਗਤ ਗੁਰਦੁਆਰਾ' ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿਚ 'ਉਦਾਸੀ' ਸਪ੍ਰਦਾਏ ਵੱਲੋਂ ਬਣਾਇਆ ਗਿਆ ਸੀ। ਇਸ ਪ੍ਰਾਚੀਨ ਗੁਰਦੁਆਰੇ ਦੀ ਉਸਾਰੀ ਬਾਬਾ ਪਰਦੇਸ਼ੀ ਰਾਮ ਜੀ ਉਦਾਸੀ ਨੇ ਕਰਵਾਈ ਅਤੇ ਬਾਅਦ ਵਿਚ ੧੯੩੫ ਈਸਵੀ ਨੂੰ ਆਏ ਭੂਚਾਲ ਤੋਂ ਬਾਅਦ ਬਾਬਾ ਰਾਮਦਾਸ ਜੀ ਉਦਾਸੀ ਵੱਲੋਂ ਇਸ ਦਾ ਦੁਬਾਰਾ ਨਿਰਮਾਣ ਕਰਵਾਇਆ ਗਿਆ। ਭਾਗਲਪੁਰ ਵਿਚ, ਬੂਢਨਾਥ ਘਾਟ ਉੱਤੇ, 'ਉਦਾਸੀ' (ਸੰਨਿਆਸੀ) ਮਤ ਦੇ ਸਾਧੂਆਂ ਦੁਆਰਾ ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਦੀ ਯਾਤਰਾ ਦੀ ਯਾਦ ਵਿਚ ਇਕ ਗੁਰਦੁਆਰਾ ਬਣਾਇਆ ਗਿਆ ਸੀ। ਇਹ ਐਪੀਸੋਡ ਉਦਾਸੀ ਪਰੰਪਰਾ ਦੀ ਉਤਪਤੀ ਅਤੇ ਜੀਵਨਸ਼ੈਲੀ ਦੀ ਅੰਦਰੂਨੀ ਝਲਕ ਵੀ ਪ੍ਰਦਾਨ ਕਰਦਾ ਹੈ, ਜਿਸ ਵਿਚ ਸੰਸਾਰੀ ਬੰਧਨਾਂ ਤੋਂ ਦੂਰ ਰਹਿ ਕੇ ਦੈਵੀ ਸਤਾ ਦੀ ਖੋਜ ਲਈ ਜੀਵਨ ਗੁਜ਼ਾਰਨ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਹ ਪਰੰਪਰਾ ਪੰਜਾਬ ਤੋਂ ਦੂਰ ਸਥਿਤ ਖੇਤਰਾਂ ਵਿਚ ਗੁਰੂ ਨਾਨਕ ਦੀ ਹਾਜ਼ਰਤਾ ਨੂੰ ਬਰਕਰਾਰ ਰੱਖਣ ਵਿਚ ਕਿਵੇਂ ਮਦਦਗਾਰ ਰਹੀ, ਅਤੇ ਹਾਲੀਆ ਸਮੇਂ ਵਿਚ ਇਨ੍ਹਾਂ ਕੇਂਦਰਾਂ ਦੇ ਪਤਨ ਦੇ ਕੀ ਕਾਰਨ ਹੋ ਸਕਦੇ ਹਨ?

੩. ਗੁਰੂ ਨਾਨਕ ਦੀ ਯਾਤਰਾ ਨਾਲ ਜੁੜੇ ਇਤਿਹਾਸਕ ਸਥਾਨ ਕਿਹੜੇ-ਕਿਹੜੇ ਸਨ, ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ?
ਐਪੀਸੋਡ ਗੁਰੂ ਨਾਨਕ ਦੀ ਯਾਤਰਾ ਨਾਲ ਜੁੜੇ ਕਈ ਸਥਾਨਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਨ੍ਹਾਂ ਦੀਆਂ ਸੇਵਾਂ ਸੰਭਾਲ ਦੀਆਂ ਪਰਸਥਿਤੀਆਂ ਵੱਖੋ-ਵੱਖਰੀਆਂ ਹਨ। ਮੁੰਗੇਰ ਵਿਚ, ਪੱਕੀ ਸੰਗਤ ਗੁਰਦੁਆਰਾ ੧੯੩੪ ਈਸਵੀ ਦੇ ਭੂਚਾਲ ਦੌਰਾਨ ਨਸ਼ਟ ਹੋ ਗਿਆ ਸੀ, ਜਿਸ ਦਾ ਪੁਰਨ ਨਿਰਮਾਣ ਬਾਬਾ ਰਾਮਦਾਸ ਜੀ ਉਦਾਸੀਨ ਵੱਲੋਂ ੧੯੩੫ ਵਿਚ ਕਰਵਾਇਆ ਗਿਆ। ਵਰਤਮਾਨ ਸਮੇਂ ਵਿਚ, ਇਸ ਥਾਂ 'ਤੇ ਭਾਰਤੀ ਫੌਜ ਦੇ ਸਿੱਖ ਅਧਿਕਾਰੀ ਹਫ਼ਤਾਵਾਰੀ ਸੰਗਤ ਕਰਦੇ ਹਨ। ਇਕ ਸਥਾਨਕ ਪਰਿਵਾਰ, ਜੋ 'ਉਦਾਸੀ ਮਤ' ਨਾਲ ਸੰਬੰਧਿਤ ਹੈ, ਇਸ ਥਾਂ ਦਾ ਸੇਵਾ ਸੰਭਾਲ ਕਰ ਰਿਹਾ ਹੈ। ਭਾਗਲਪੁਰ ਵਿਚ, 'ਉਦਾਸੀਆਂ' ਦੁਆਰਾ ਇਕ ਗੁਰਦੁਆਰਾ ਬਣਾਇਆ ਗਿਆ ਸੀ, ਪਰ ਮੌਜੂਦਾ ਸਮੇਂ ਵਿੱਚ ਇਸਦਾ ਕੋਈ ਚਿੰਨ੍ਹ ਨਹੀਂ ਮਿਲਦਾ। ਮਾਲਦਾ ਵਿਚ, ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿੱਚ 'ਉਦਾਸੀਆਂ' ਵੱਲੋਂ ਸੰਗਤ ਦੇ ਇਕੱਠ ਲਈ ਇਕ ਕੇਂਦਰ ਬਣਾਇਆ ਗਿਆ ਸੀ। ਪੁਰਾਣੇ ਮਾਲਦਾ ਵਿਚੋਂ ਵਸੋਂ ਦੇ ਜਾਣ ਕਾਰਣ ਇਹ ਥਾਂ ਵੀਰਾਨ ਹੋ ਗਈ। ਭਾਰਤ ਦੇ ਵੰਡ ਤੋਂ ਬਾਅਦ ੧੯੪੭ ਵਿਚ ਮਾਲਦਾ ਵਿਚ ਆ ਵਸੇ ਪ੍ਰਵਾਸੀਆਂ ਵੱਲੋਂ ਇਸਨੂੰ ੧੯੬੦ ਦੇ ਦਹਾਕੇ ਦੌਰਾਨ ਮੁੜ

ਬਹਾਲ ਕੀਤਾ ਗਿਆ। ਢਾਕਾ ਵਿਚ, ਨੀਲਖੇਤ ਵਿਖੇ 'ਗੁਰਦੁਆਰਾ ਨਾਨਕਸ਼ਾਹੀ' ਸਥਿਤ ਹੈ। ਵੰਡ ਤੋਂ ਪਹਿਲਾਂ ਇਹ ਇਕ ਹਰਮਨ ਪਿਆਰਾ ਸਥਾਨ ਸੀ, ਪਰ ੧੯੪੭ ਤੋਂ ਬਾਅਦ ਗੁਰੂ ਨਾਨਕ ਦੇ ਪੈਰੋਕਾਰ ਢਾਕਾ ਤੋਂ ਹਿਜ਼ਰਤ ਕਰ ਗਏ, ਜਿਸ ਕਾਰਨ ਇਸ ਇਮਾਰਤ ਦੀ ਹਾਲਤ ਖਰਾਬ ਹੋ ਗਈ। ੧੯੮੮ ਵਿਚ ਇਸ ਥਾਂ ਦੀ ਮੁੜ ਸੰਭਾਲ ਸ਼ੁਰੂ ਹੋਈ। ਇਸ ਖੇਤਰ ਵਿਚ ਇਨ੍ਹਾਂ ਸਥਾਨਾਂ ਦੀ ਮੌਜੂਦਾ ਸਥਿਤੀ ਗੁਰੂ ਨਾਨਕ ਦੀ ਵਿਰਾਸਤ ਦੀ ਨਿਰੰਤਰ ਇਤਿਹਾਸਕ ਮਹੱਤਤਾ ਬਾਰੇ ਕੀ ਸੰਕੇਤ ਦਿੰਦੀ ਹੈ?

੪. ਐਪੀਸੋਡ ਵਿਚ ਗੁਰੂ ਨਾਨਕ ਦੀ ਯਾਤਰਾ ਦੇ ਦੌਰਾਨ ਕਾਮਰੂਪ (ਅਸਾਮ) ਦੇ ਸਭਿਆਚਾਰਿਕ ਅਤੇ ਧਾਰਮਿਕ ਸੰਦਰਭ ਨੂੰ ਕਿਵੇਂ ਵਰਣਨ ਕੀਤਾ ਗਿਆ ਹੈ?

ਐਪੀਸੋਡ ਕਾਮਰੂਪ ਖੇਤਰ (ਮੌਜੂਦਾ ਅਸਾਮ ) ਦੀਆਂ ਸਭਿਆਚਾਰਿਕ ਅਤੇ ਧਾਰਮਿਕ ਰਸਮਾਂ ਬਾਰੇ ਝਾਤ ਪਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਉਸ ਸਮੇਂ, ਗੋਲਪਾਰਾ, ਕੂਚਬਿਹਾਰ ਅਤੇ ਬੰਗਲਾਦੇਸ਼ ਦਾ ਰੰਗਪੁਰ ਖੇਤਰ ਨੂੰ ਕਾਮਰੂਪ ਕਿਹਾ ਜਾਂਦਾ ਸੀ, ਜਿੱਥੇ 'ਤਾਂਤ੍ਰਿਕ' ਪੂਜਾ ਦਾ ਡੂੰਘਾ ਪ੍ਰਭਾਵ ਸੀ। ਜਦੋਂ ਗੁਰੂ ਨਾਨਕ ਗੁਹਾਟੀ ਪਹੁੰਚੇ, ਤਾਂ ਇਹ ਸ਼ਹਿਰ 'ਪ੍ਰਯਾਗ ਜੋਤਿਸ਼ਪੁਰ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ੧੫ਵੀਂ ਸਦੀ ਵਿਚ, ਕਾਮਰੂਪ ਖੇਤਰ ਦੇ ਕੋਚੀ ਲੋਕ 'ਤਾਂਤ੍ਰਿਕ' ਕਿਰਿਆਵਾਂ ਵਿਚ ਡੂੰਘੀ ਤਰ੍ਹਾਂ ਖੁਭੇ ਹੋਏ ਸਨ ਅਤੇ ਸ਼ਕਤੀ ਦੀ ਪੂਜਾ ਦੇਵੀ ਕਾਮਾਖਿਆ ਦੇ ਰੂਪ ਵਜੋਂ ਕਰਦੇ ਸਨ। ਐਪੀਸੋਡ ਵਿਚ ਕਾਮਰੂਪ ਦੀ ਇਕ ਮਹੱਤਵਪੂਰਨ ਘਟਨਾ ਦਾ ਉਲਲੇਖ ਹੈ, ਜਦੋਂ ਭਾਈ ਮਰਦਾਨਾ ਪ੍ਰਸ਼ਾਦਾ ਲੈਣ ਲਈ ਇਸ ਨਗਰੀ ਗਏ, ਤਾਂ ਕਾਮਾਖਿਆ ਦੇਵੀ ਦੀਆਂ ਪੈਰੋਕਾਰ ਇਸਤਰੀਆਂ ਨੇ ਆਪਣੀਆਂ 'ਤਾਂਤ੍ਰਿਕ' ਸ਼ਕਤੀਆਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਸੁਮੋਹਿਤ ਕਰ ਲਿਆ। ਪਰੰਪਰਾ ਨਾਲ ਸੰਬੰਧਿਤ ਸਰੋਤ ਇਸ ਘਟਨਾ ਨੂੰ ਸਰੀਰਕ ਪਰਿਵਰਤਨ ਵਜੋਂ ਦਰਸਾਉਂਦੇ ਹਨ, ਪਰ ਐਪੀਸੋਡ ਇਸਨੂੰ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕਰਦਾ ਹੈ, ਜਿਥੇ ਨਕਾਰਾਤਮਕ ਪ੍ਰਭਾਵਾਂ ਵਿਚ ਫਸਕੇ ਮਨੁੱਖ ਦੀ ਤਾਰਕਿਕ ਸੋਚਣ ਦੀ ਸਮਰੱਥਾ ਪ੍ਰਭਾਵਿਤ ਹੋ ਜਾਂਦੀ ਹੈ। ਇਸ ਘਟਨਾ ਨੇ ਇਸ ਖੇਤਰ ਦੇ ਲੋਕਾਂ ਵਿਚਲੀ ਆਲੋਚਨਾਤਮਕ ਸੋਚ 'ਤੇ ਗੁਰੂ ਨਾਨਕ ਦੇ ਪ੍ਰਭਾਵਮਈ ਸੰਦਰਭ ਨੂੰ ਕਿਵੇਂ ਪੇਸ਼ ਕੀਤਾ, ਜੋ ਆਪਣੀਆਂ ਯਾਤਰਾਵਾਂ ਦੌਰਾਨ ਇਕ ਵਿਲੱਖਣ ਸਭਿਆਚਾਰ ਅਤੇ ਧਰਮ ਦਾ ਅਭਿਆਸ ਕਰਦੇ ਸਨ?


ਈਮੇਲ: onenessindiversityfoundation@gmail.com

੫. ਗੁਰੂ ਨਾਨਕ ਦੇ ਰੂਹਾਨੀ ਸੰਦੇਸ਼ ਨੂੰ ਵੱਖ-ਵੱਖ ਭਾਈਚਾਰਿਆਂ ਵੱਲੋਂ ਮਿਲੇ ਸਮਰਥਨ ਬਾਰੇ, ਇਹ ਐਪੀਸੋਡ ਕਿਹੜੇ ਤੱਥ ਪੇਸ਼ ਕਰਦਾ ਹੈ?

ਐਪੀਸੋਡ ਗੁਰੂ ਨਾਨਕ ਦੇ ਦਰਸ਼ਨ ਤੋਂ ਪ੍ਰਭਾਵਿਤ ਹੋਣ ਵਾਲੇ ਵੱਖ-ਵੱਖ ਧਾਰਮਿਕ ਅਤੇ ਸਭਿਆਚਾਰਕ ਪਿਛੋਕੜਾਂ ਵਾਲੇ ਪੈਰੋਕਾਰਾਂ ਦੀ ਉਦਾਹਰਨ ਪੇਸ਼ ਕਰਦਾ ਹੈ। ਕੰਤ ਨਗਰ ਵਿਚ, ਇਕ ਸਮੇਂ ਬਿਹਾਰੀ ਜਾਤੀ ਨਾਲ ਸਬੰਧਿਤ ਵੱਖ-ਵੱਖ ਧਾਰਮਿਕ ਪਿੱਠਭੂਮੀਆਂ ਵਾਲਿਆਂ ਦਾ ਇਕ ਵੱਡਾ ਸਮੂਹ ਗੁਰੂ ਨਾਨਕ ਦਾ ਪੈਰੋਕਾਰ ਸੀ। ਮਾਲਦਾ ਵਿਖੇ, ਸਥਾਨਕ ਬੰਗਾਲੀ ਹਿੰਦੂ ਭਾਈਚਾਰੇ ਦੇ ਲੋਕ ਸ਼ਰਧਾ ਨਾਲ ਗੁਰਦੁਆਰੇ ਜਾਂਦੇ ਹਨ। ਢਾਕਾ ਦੇ ਨਾਨਕਸ਼ਾਹੀ ਗੁਰਦੁਆਰੇ ਵਿਚ, ਇਕ ਹਿੰਦੂ ਪਰਿਵਾਰ ਹਰ ਐਤਵਾਰ ਗੁਰਮੁਖੀ ਸਿੱਖਣ ਆਉਂਦਾ ਹੈ ਤਾਂ ਜੋ ਉਹ 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰ ਸਕਣ। ਇਕ ਹੋਰ ਹਿੰਦੂ ਪਰਿਵਾਰ ਸਾਲਾਂ ਤੋਂ ਹਫ਼ਤਾਵਾਰੀ ਕੀਰਤਨ ਕਰ ਰਿਹਾ ਹੈ। ਐਪੀਸੋਡ ਵਿਚ ਇਕ ਮੁਸਲਮਾਨ ਮਾਂ ਤੇ ਬੇਟੀ ਦਾ ਵੀ ਜ਼ਿਕਰ ਹੈ, ਜੋ ਨਿਯਮਤ ਤੌਰ ਤੇ ਗੁਰਦੁਆਰਾ ਆਉਂਦੀਆਂ ਹਨ ਕਿਉਂਕਿ ਉਹ ਗੁਰੂ ਨਾਨਕ ਦੇ 'ਏਕਤਾ' ਦੇ ਸੰਦੇਸ਼ ਨਾਲ ਆਪਣਾ ਡੂੰਘਾ ਸੰਬੰਧ ਮਹਿਸੂਸ ਕਰਦੀਆਂ ਹਨ। ਗੁਰਦੁਆਰਾ ਦੇ ਵਰਤਮਾਨ ਪ੍ਰਧਾਨ ਨੇ ਕਿਹਾ ਕਿ ਹਰ ਤੀਜਾ ਸ਼ਰਧਾਲੂ ਮੁਸਲਮਾਨ ਹੁੰਦਾ ਹੈ, ਜੋ ਸੰਗਤ ਵਿੱਚ ਬੈਠਦੇ ਹਨ ਅਤੇ 'ਲੰਗਰ' ਵਿਚ ਸੇਵਾ ਕਰਦੇ ਹਨ। ਇਸ ਤੋਂ ਇਲਾਵਾ, ਜ਼ਿਆਦਾਤਰ 'ਉਦਾਸੀ' ਮਤ ਨਾਲ ਸੰਬੰਧਿਤ ਕੇਂਦਰਾਂ ਵਿਚ ਸੇਵਾ ਕਰਨ ਵਾਲੇ ਦਾਨੀ ਸੱਜਣਾਂ ਦੇ ਨਾਂ ਦੀਆਂ ਤਖ਼ਤੀਆਂ ਇਹ ਦਰਸਾਉਂਦੀਆਂ ਹਨ ਕਿ ਇਹ ਕੇਂਦਰ, ਜੋ ਗੁਰੂ ਨਾਨਕ ਦੇ ਸੰਦੇਸ਼ ਦੇ ਪ੍ਰਸਾਰ ਲਈ ਸਥਾਪਤ ਕੀਤੇ ਗਏ, ਸਥਾਨਕ ਗੈਰ-ਸਿੱਖ ਭਾਈਚਾਰੇ ਦੇ ਯੋਗਦਾਨ ਨਾਲ ਬਣੇ ਸਨ। ਇਹ ਤੱਥ ਗੁਰੂ ਨਾਨਕ ਦੇ ਵਿਸ਼ਵਵਿਆਪੀ ਦਰਸ਼ਨ ਦੀ ਸੱਦ ਜੋ ਖ਼ਾਸ ਧਾਰਮਿਕ ਪਹਿਚਾਣ ਤੋਂ ਪਰੇ ਸੀ ਬਾਰੇ ਕੀ ਪ੍ਰਗਟ ਕਰਦੇ ਹਨ?

੬. ਸਥਾਨਕ ਭਾਸ਼ਾਵਾਂ ਅਤੇ ਉਪ-ਬੋਲੀਆਂ ਦੀ ਸ਼ਮੂਲੀਅਤ ਨੇ ਗੁਰੂ ਨਾਨਕ ਦੇ ਸੰਦੇਸ਼ ਪ੍ਰਸਾਰ ਹਿਤ ਕਿਵੇਂ ਯੋਗਦਾਨ ਪਾਇਆ?

ਐਪੀਸੋਡ ਗੁਰੂ ਨਾਨਕ ਦੇ ਪਰਿਪੇਖ ਨੂੰ ਸਾਂਝਾ ਕਰਨ ਵਿਚ ਉਨ੍ਹਾਂ ਦੀ ਭਾਸ਼ਾ ਜੁਗਤ ਨੂੰ ਉਭਾਰ ਕੇ ਪੇਸ਼ ਕਰਦਾ ਹੈ। ਉਨ੍ਹਾਂ ਨੇ ਆਪਣੇ ਪੈਗ਼ਾਮ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਸਥਾਨਕ ਬੋਲੀਆਂ ਦੀ ਵਰਤੋਂ ਕੀਤੀ। ਉਨ੍ਹਾਂ ਦਾ ਵਿਸ਼ਵ-ਵਿਆਪੀ ਅਤੇ ਮਨੁਖਤਾ-ਵਾਦੀ ਸੰਦੇਸ਼ ਇੰਨਾ ਪ੍ਰਭਾਵਸ਼ਾਲੀ ਸੀ ਕਿ ਵੱਖ-ਵੱਖ ਸਭਿਆਚਾਰਿਕ, ਭਾਸ਼ਾਈ ਅਤੇ ਧਾਰਮਿਕ ਪਿੱਠਭੂਮੀਆਂ ਦੇ ਲੋਕ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾਉਣ ਲੱਗੇ। ਇਹ ਸਮਝ ਭਰਪੂਰ ਭਾਸ਼ਾਈ ਵਰਤੋਂ ਨੇ ਉਨ੍ਹਾਂ ਦੇ ਸੰਦੇਸ਼ ਦੀ

ਵਿਆਪਕ ਸਵੀਕਾਰਤਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਦਾਹਰਣ ਵਜੋਂ, ਕੰਤ ਨਗਰ ਵਿਚ, ਬਿਹਾਰੀ ਜਾਤੀ ਦੇ ਇਕ ਸਥਾਨਕ ਸਿੱਖ ਨੇ ਸਾਂਝ ਪਾਈ ਕਿ ਕਈ ਲੋਕ ਗੁਰੂ ਨਾਨਕ ਦੇ ਪੈਰੋਕਾਰ ਬਣੇ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਅਪਣਾਇਆ। ਇਸੇ ਤਰ੍ਹਾਂ, ਬੰਗਲਾਦੇਸ਼ ਵਿੱਚ, ਗੁਲਸ਼ਨ ਨਾਂ ਦੀ ਇਕ ਮੁਸਲਮਾਨ ਔਰਤ ਨੇ ਦੱਸਿਆ ਕਿ ਇੱਥੇ ਆਉਂਦੇ ਹੋਏ ਮੈਨੂੰ ਬਹੁਤ ਚੰਗਾ ਮਹਿਸੂਸ ਹੁੰਦਾ ਹੈ ਕਿਉਂਕਿ ਗੁਰੂ ਨਾਨਕ ਨੇ ਕਿਹਾ ਕਿ ਮੁਸਲਮਾਨ, ਹਿੰਦੂ, ਬ੍ਰਾਹਮਣ, ਇਸਾਈ ਵਿੱਚ ਕੋਈ ਫ਼ਰਕ ਨਹੀਂ। ਇੱਥੇ ਕੋਈ ਭੇਦਭਾਵ ਨਹੀਂ ਹੈ। ਗੁਰੂ ਨਾਨਕ ਦੀ ਭਾਸ਼ਾਈ ਪਹੁੰਚ ਨੇ ਅੰਤਰ-ਸਭਿਆਚਾਰਕ ਸੂਝ, ਭਾਸ਼ਾਈ ਅਤੇ ਸਭਿਆਚਾਰਕ ਸੀਮਾਵਾਂ ਤੋਂ ਪਾਰ ਉਨ੍ਹਾਂ ਦੇ ਵਿਸ਼ਵਵਿਆਪੀ ਸੰਦੇਸ਼ ਦੇ ਪ੍ਰਸਾਰ ਨੂੰ ਕਿਵੇਂ ਸਹਿਲਾ ਬਣਾਇਆ ਹੋਵੇਗਾ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਆਪਣੇ ਸੰਦੇਸ਼ਾਂ ਵਿੱਚ 'ਸਬਦ' ਅਤੇ 'ਨਾਮ' ਦੀਆਂ ਧਾਰਣਾਵਾਂ ਨੂੰ ਕਿਵੇਂ ਸਮਝਾਉਂਦੇ ਹਨ?

ਇਹ ਐਪੀਸੋਡ ਗੁਰੂ ਨਾਨਕ ਦੇ 'ਸਬਦ' ਅਤੇ 'ਨਾਮ' ਦੇ ਸਿਧਾਤਾਂ ਨੂੰ ਉਨ੍ਹਾਂ ਦੇ ਰੂਹਾਨੀ ਢਾਂਚੇ ਦੇ ਜ਼ਰੂਰੀ ਅੰਗਾਂ ਵਜੋਂ ਪੇਸ਼ ਕਰਦਾ ਹੈ। 'ਸਬਦ' ਗਿਆਨ ਨੂੰ ਸੰਚਾਰ ਦੇ ਸਾਧਨ ਵਜੋਂ ਦਰਸਾਉਂਦਾ ਹੈ ਜਿਸ ਰਾਹੀਂ 'ਨਾਮ', ਆਤਮ-ਚਿੰਤਨ ਕਰਨ ਦਾ ਬਿਬੇਕ ਪ੍ਰਾਪਤ ਹੁੰਦਾ ਹੈ। 'ਸਬਦ' ਬੇੜੀ ਹੈ ਅਤੇ ਨਾਮ ਚਪੂ, ਜੋ ਵਿਅਕਤੀ ਨੂੰ ਸੰਸਾਰਕ ਸਮੁੰਦਰ ਪਾਰ ਕਰਨ ਵਿਚ ਮਦਦ ਕਰਦਾ ਹੈ। ਇਹ ਰੂਪਕ ਉਨ੍ਹਾਂ ਦੇ ਇਕ ਸ਼ਬਦ ਰਾਹੀਂ ਪ੍ਰਗਟ ਹੁੰਦਾ ਹੈ, ਜਿਸ ਵਿਚ ਸਮਝਾਇਆ ਗਿਆ ਹੈ ਕਿ ਗਿਆਨ ਦੇ ਸ਼ਬਦਾਂ ਤੋਂ ਬਿਨਾ ਸੰਸਾਰ-ਸਮੁੰਦਰ ਪਾਰ ਨਹੀਂ ਕੀਤਾ ਜਾ ਸਕਦਾ। ਆਤਮ-ਚਿੰਤਨ ਤੋਂ ਬਿਨ੍ਹਾਂ, ਸੰਸਾਰ ਦਵੈਤ ਦੇ ਰੋਗ ਨਾਲ ਪੀੜਤ ਰਹਿੰਦਾ ਹੈ। ਸੰਕਿਆਂ ਵਿਚ ਡੁੱਬ ਇਹ ਨਸ਼ਟ ਹੋ ਜਾਂਦਾ ਹੈ। ਐਪੀਸੋਡ ਇਹ ਵੀ ਉੱਲੇਖ ਕਰਦਾ ਹੈ ਕਿ ਭਾਗਲਪੁਰ ਵਿਚ, ਇਕ ਇਤਿਹਾਸਕ ਸਥਾਨ ਦੇ ਮੋਜੂਦਾ ਸਰਪ੍ਰਸਤ ਗੁਰਮੁਖੀ ਵਿਚ 'ਗੁਰੂ ਗ੍ਰੰਥ ਸਾਹਿਬ', ਪੜ੍ਹਣ ਵਿਚ ਸਮਰਥ ਨਹੀਂ ਹਨ, ਫਿਰ ਵੀ ਉਹ ਹਫ਼ਤਾਵਾਰੀ ਦੀਵਾਨਾਂ ਵਿਚ ਸੰਗਤ ਵਲੋਂ ਗਾਇਨ ਕੀਤੀ ਜਾਂਦੀ ਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਾਡੇ ਵਿਚੋਂ ਕਿੰਨੇ ਅਸਲ ਵਿਚ

'ਗੁਰੂ ਗ੍ਰੰਥ ਸਾਹਿਬ' ਪੜ੍ਹ ਸਕਦੇ ਹਨ, ਅਤੇ ਇਸ ਦੇ ਗੂੜ ਤਤਸਾਰ ਨੂੰ ਸਮਝਣ ਵਿੱਚ ਸਮਰਥ ਹਨ? ਗੁਰੂ ਨਾਨਕ ਦੁਆਰਾ 'ਸਬਦ' ਅਤੇ 'ਨਾਮ' ਦੀ ਵਿਆਖਿਆ ਧਾਰਮਿਕ ਗ੍ਰੰਥਾਂ ਅਤੇ ਰੂਹਾਨੀ ਅਭਿਆਸ ਦੀ ਰਵਾਇਤੀ ਸੂਝ ਨੂੰ ਕਿਵੇਂ ਚੁਣੌਤੀ ਦਿੰਦੀ ਹੈ?

੨. ਗੁਰੂ ਨਾਨਕ ਬਾਣੀ ਵਿਚ ਲਿੰਗ ਸਮਾਨਤਾ ਪ੍ਰਤੀ ਕੀ ਦ੍ਰਿਸ਼ਟੀਕੋਣ ਹੈ?
ਐਪੀਸੋਡ ਗੁਰੂ ਨਾਨਕ ਦੇ ਲਿੰਗ ਸਮਾਨਤਾ ਪ੍ਰਤੀ ਦ੍ਰਿਸ਼ਟੀਕੋਣ ਨੂੰ ਉਨ੍ਹਾਂ ਦੇ ਇਕ ਸ਼ਬਦ ਰਾਹੀਂ ਉਜਾਗਰ ਕਰਦਾ ਹੈ, ਜਿਸ ਦਾ ਭਾਵ ਹੈ ਕਿ ਇਸਤਰੀ ਤੋਂ ਸਭ ਜਨਮ ਲੈਂਦੇ ਹਨ, ਅਤੇ ਇਸਤਰੀ ਤੋਂ ਬਿਨਾ ਕੋਈ ਵੀ ਪੈਦਾ ਨਹੀਂ ਹੁੰਦਾ। ਐਪੀਸੋਡ ਇਸ ਵਿਚਾਰ ਨੂੰ ਸਪਸ਼ਟ ਕਰਦਾ ਹੈ ਕਿ ਇਤਿਹਾਸਕ ਤੌਰ 'ਤੇ, ਜੀਵਨ ਦਾਤੀ ਨੂੰ ਲਿੰਗ ਦੇ ਅਧਾਰ ;ਤੇ ਦੁਨੀਆ ਭਰ ਵਿਚ ਮਰਦ ਪ੍ਰਧਾਨ ਸਮਾਜ ਵਿਚ ਸਮਾਨਤਾ ਦਾ ਦਰਜ਼ਾ ਨਹੀਂ ਮਿਲਿਆ। ਗੁਰੂ ਨਾਨਕ ਨੇ ਲਿੰਗ ਭੇਦਭਾਵ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਯਾਦ ਦਿਵਾਇਆ ਕਿ ਮਹਿਲਾਵਾਂ ਤੋਂ ਬਿਨਾ ਮਨੁੱਖਤਾ ਦਾ ਹੋਂਦ ਸੰਭਵ ਨਹੀਂ ਹੈ। ਇਹ ਦਾਰਸ਼ਨਿਕ ਵਿਚਾਰਧਾਰਾ ਸਿੱਧੇ ਤੌਰ ਔਰਤ ਦੇ ਯੋਗਦਾਨ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਇਆ ਹੈ, ਜਿਵੇਂ ਕਿ ਐਪੀਸੋਡ ਵਿਚ ਕਈ ਦ੍ਰਿਸ਼ ਵੇਖਣ ਨੂੰ ਮਿਲਦੇ ਹਨ ਜਿਸ ਵਿਚ ਪੇਂਡੂ ਮਹਿਲਾਵਾਂ ਬਹੁ-ਕੰਮਾਂਕਾਰਾਂ ਵਿਚ ਰੁਝੀਆ ਹੋਈਆਂ ਹਨ ਜਿਵੇਂ ਬੱਚਿਆਂ ਦੀ ਦੇਖਭਾਲ, ਪਰਿਵਾਰ ਲਈ ਭੋਜਨ ਪਕਾਉਣ, ਖੇਤਾਂ ਵਿਚ ਕੰਮ ਕਾਜ਼ ਕਰਦੀਆਂ। ਇਹ ਸਭ ਗੁਰੂ ਨਾਨਕ ਦੇ ਔਰਤ ਪ੍ਰਤੀ ਸਮਰਥਨ ਦੀ ਯਾਦ ਦਿਵਾਉਂਦੇ ਹਨ। ਲਿੰਗ ਸਮਾਨਤਾ ਬਾਰੇ ਇਸ ਪ੍ਰਗਤੀਸ਼ੀਲ ਵਤੀਰੇ ਦੁਆਰਾ ਗੁਰੂ ਨਾਨਕ ਦੁਆਰਾ ਸਮੇਂ ਦੇ ਪ੍ਰਚਲਿਤ ਸਮਾਜਿਕ ਮਾਪਦੰਡਾਂ ਨੂੰ ਕਿਵੇਂ ਚੁਣੌਤੀ ਦਿੱਤੀ ਗਈ ਹੋਵੇਗੀ, ਅਤੇ ਉਨ੍ਹਾਂ ਦੇ ਰੂਹਾਨੀ ਸੰਦੇਸ਼ਾਂ ਦੇ ਵਿਸ਼ਾਲ ਸਮਾਜਿਕ ਪਹਿਲੂਆਂ ਨੂੰ ਸਮਝਣ ਲਈ ਇਹ ਕੀ ਪ੍ਰਭਾਵ ਪਾਉਂਦੇ ਹਨ?

੩. ਗੁਰੂ ਨਾਨਕ ਭੌਤਿਕ ਸੰਪਤੀ ਅਤੇ ਰੂਹਾਨੀ ਗਿਆਨ ਦੇ ਵਿਚਕਾਰ ਕੀ ਅੰਤਰ ਦੱਸਦੇ ਹਨ?
ਐਪੀਸੋਡ ਕਈ ਅਜਿਹੀਆਂ ਉਦਾਹਰਣਾਂ ਪੇਸ਼ ਕਰਦਾ ਹੈ ਜਿਥੇ ਗੁਰੂ ਨਾਨਕ ਭੌਤਿਕ ਸੰਪਤੀ ਅਤੇ ਰੂਹਾਨੀ ਗਿਆਨ ਵਿਚਾਲੇ ਅੰਤਰ ਨੂੰ ਸੰਬੋਧਿਤ ਹੁੰਦੇ ਹਨ। ਮਾਲਦਾ ਵਿਚ, ਜਦੋਂ ਉਹ ਰਾਮ ਦੇਵ ਨਾਂ ਦੇ ਸ਼ਾਹੂਕਾਰ ਜੋ ਆਪਣੀ ਧਨ ਸੰਪੱਤੀ ਦਾ ਪ੍ਰਦਰਸ਼ਨ ਕਰ ਰਿਹਾ ਸੀ, ਨੂੰ ਮਿਲੇ, ਤਾਂ ਗੁਰੂ ਨਾਨਕ ਨੇ ਕਿਹਾ ਕਿ ਚੰਦਨ ਦਾ ਤੇਲ ਅੰਗਾਂ 'ਤੇ ਲਗਾਇਆ ਜਾ ਸਕਦਾ ਹੈ, ਰੇਸ਼ਮੀ ਕੱਪੜੇ ਸ਼ਰੀਰ 'ਤੇ ਸਜਾਏ ਜਾ ਸਕਦੇ ਹਨ, ਪਰ ਆਤਮ-ਚਿੰਤਨ ਤੋਂ ਬਿਨਾਂ ਸ਼ਾਂਤੀ ਕਿਵੇਂ ਪ੍ਰਾਪਤ ਹੋ

ਸਕਦੀ ਹੈ? ਐਪੀਸੋਡ ਇਹ ਸਮਝਾਉਂਦਾ ਹੈ ਕਿ ਗੁਰੂ ਨਾਨਕ ਦਾ ਸੁਨੇਹਾ ਰਾਮ ਦੇਵ ਨੂੰ ਇਹ ਅਹਿਸਾਸ ਕਰਾਉਣ ਲਈ ਸੀ ਕਿ ਧਨ-ਸੰਪੱਤੀ ਦਾ ਪ੍ਰਦਰਸ਼ਨ ਖ਼ੁਸ਼ੀ ਦੀ ਇਕ ਥੋਥਲੀ ਅਵਸਥਾ ਹੈ। ਸਦੀਵੀ ਸੰਤੋਖ ਲਈ, ਵਿਅਕਤੀ ਨੂੰ ਭੌਤਿਕਵਾਦ ਤੋਂ ਆਪਣੇ ਆਪ ਨੂੰ ਵੱਖ ਕਰਨਾ ਲਾਜ਼ਮੀ ਹੈ।

ਇਸੇ ਤਰ੍ਹਾਂ, ਹਾਜੀਪੁਰ ਵਿਚ, ਉਨ੍ਹਾਂ ਨੇ ਸਾਲਿਸ ਰਾਇ ਨੂੰ ਸਲਾਹ ਦਿੱਤੀ ਕਿ ਅਮੀਰੀ ਨੂੰ ਰੂਹਾਨੀ ਵਿਕਾਸ ਵਿਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ ਅਤੇ ਕਿਹਾ ਕਿ ਅਦਰਕਾ, ਜੋ ਇਕ ਆਮ ਕਰਮਚਾਰੀ ਸੀ, ਰੂਹਾਨੀ ਤੌਰ 'ਤੇ ਵਧੇਰੇ ਜਾਗਰੂਕ ਹੋ ਸਕਦਾ ਹੈ। ਸਮਾਜਿਕ, ਧਾਰਮਿਕ ਜਾਂ ਆਰਥਿਕ ਦਰਜਾ ਨਹੀਂ, ਬਲਕਿ ਨਿਮਰਤਾ ਚੰਗਿਆਈ ਦਾ ਮਾਪਦੰਡ ਹੈ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਰਵਾਇਤੀ ਸਫ਼ਲਤਾ ਅਤੇ ਸੰਤੋਖ ਦੇ ਮਾਪਦੰਡਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ, ਅਤੇ ਗੁਰੂ ਨਾਨਕ ਸਥਿਰ ਸੰਤੋਖ ਪ੍ਰਾਪਤ ਕਰਨ ਲਈ ਕੀ ਵਿਕਲਪ ਪੇਸ਼ ਕਰਦੇ ਹਨ?

੪. ਐਪੀਸੋਡ ਵਿਚ ਗੁਰੂ ਨਾਨਕ ਅਨੁਸਾਰ ਸੱਚੇ ਤੀਰਥ ਦੀ ਅਵਧਾਰਣਾ ਕੀ ਹੈ?

ਐਪੀਸੋਡ ਗੁਰੂ ਨਾਨਕ ਦੀ ਤੀਰਥ ਯਾਤਰਾ ਦੀ ਅਵਧਾਰਣਾ ਦੀ ਮੁਢਲੀ ਪੁਨਰ-ਵਿਆਖਿਆ ਨੂੰ ਪੇਸ਼ ਕਰਦਾ ਹੈ। ਬ੍ਰਹਮਪੁੱਤ੍ਰ ਨਦੀ ਦੇ ਕੰਢੇ ਧੁਬਰੀ ਵਿਖੇ ਚਿੰਤਨ ਕਰਦੇ ਹੋਏ, ਗੁਰੂ ਨਾਨਕ ਨੇ ਇਕ ਸਬਦ ਗਾਇਨ ਕੀਤਾ, ਜਿਸ ਦਾ ਭਾਵ ਸੀ ਕਿ ਰੂਹਾਨੀ ਤੌਰ 'ਤੇ ਧਿਆਨ ਕੇਂਦਰਿਤ ਕਰਨ ਵਾਲੇ ਜਨਾਂ ਨਾਲ ਸੰਗਤ ਕਰਨੀ ਤੀਰਥ ਯਾਤਰਾ ਦੇ ਬਰਾਬਰ ਹੈ। ਐਪੀਸੋਡ ਸਮਝਾਉਂਦਾ ਹੈ ਕਿ 'ਤੀਰਥ' ਇਕ ਸੰਸਕ੍ਰਿਤ ਸ਼ਬਦ ਹੈ, ਜਿਸ ਦਾ ਅਰਥ ਇੱਕ ਚੌਰਾਹਾ ਹੁੰਦੇ ਹਨ। ਇਹ ਆਤਮ-ਪੜਚੋਲ ਰਾਹੀਂ ਨਿੱਜੀ ਖੋਜ ਦਾ ਇਕ ਰੂਪਕ ਹੈ। ਜਾਗਰੂਕ ਵਿਅਕਤੀਆਂ ਨਾਲ ਵਾਰਤਾਲਾਪ ਰੁਪਾਂਤ੍ਰਣ ਲਈ ਪ੍ਰੇਰਕ ਬਣ ਸਕਦਾ ਹੈ। ਇਸ ਲਈ, 'ਤੀਰਥ', ਸਚੀ ਤੀਰਥ-ਯਾਤਰਾ, ਧਾਰਮਿਕ ਥਾਵਾਂ ਦੀ ਭੌਤਿਕ ਯਾਤਰਾ ਨਹੀਂ, ਸਗੋਂ ਰੂਹਾਨੀ ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਹੈ, ਜੋ ਅੰਧਕਾਰ ਤੋਂ ਪ੍ਰਕਾਸ਼ ਵਲ ਲੈ ਜਾਂਦੀ ਹੈ। ਇਹ ਦ੍ਰਿਸ਼ਟੀਕੋਣ ਉਸ ਸਮੇਂ ਦੀਆਂ ਚੱਲੀਆਂ ਆਉਂਦੀਆਂ ਰਵਾਇਤਾਂ ਨੂੰ ਸਿੱਧੀ ਚੁਣੌਤੀ ਦਿੰਦਾ ਹੈ। ਉਦਾਹਰਣ ਵਜੋਂ, ਜਦੋਂ ਇੱਕ ਯਾਤਰੀ ਨੇ ਪੁੱਛਿਆ ਕਿ ਮੁਕਤੀ ਲਈ ਬਨਾਰਸ ਵਿਚ ਮਰਨਾ ਕਿੰਨਾ ਮਹੱਤਵਪੂਰਨ ਹੈ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਜੋ ਗਿਆਨ ਨੂੰ ਸਮਰਪਿਤ ਹੁੰਦਾ ਹੈ, ਉਹ ਕਦੇ ਨਹੀਂ ਮਰਦਾ ਅਤੇ ਕਿਹਾ ਕਿ ਨਕਾਰਾਤਮਕਤਾ ਦੀ ਮੌਤ ਤੋਂ ਬਿਨਾਂ ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ? ਗੁਰੂ ਨਾਨਕ ਦੀ ਤੀਰਥ ਯਾਤਰਾ ਦੀ ਇਹ ਪੁਨਰ-

ਵਿਆਖਿਆ ਬਾਹਰੀ ਯਾਤਰਾਵਾਂ ਤੋਂ ਅੰਦਰੂਨੀ ਪਰਿਵਰਤਨ ਤੱਕ ਦੇ ਰੂਹਾਨੀਅਤ ਵਿਕਾਸ ਦੀ ਸੂਝ ਨੂੰ ਕਿਵੇਂ ਬਦਲਦਾ ਹੈ?

੫. ਗੁਰੂ ਨਾਨਕ ਦੁਆਰਾ ਕਾਮਰੂਪ ਦੀਆਂ ਔਰਤਾਂ ਨਾਲ ਕੀਤਾ ਸੰਵਾਦ ਨਿੰਦਾ ਦੀ ਬਜਾਏ ਰੁਪਾਂਤ੍ਰਣ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟਿਕੋਣ ਨੂੰ ਕਿਵੇਂ ਪ੍ਰਗਟ ਕਰਦਾ ਹੈ?

ਐਪੀਸੋਡ ਕਾਮਰੂਪ ਵਿਚ ਹੋਈ ਇਕ ਮਹੱਤਵਪੂਰਨ ਘਟਨਾ ਦਾ ਵਰਣਨਾ ਕਰਦਾ ਹੈ, ਜਿੱਥੇ ਦੇਵੀ ਕਾਮਾਖਿਆ ਦੀਆਂ ਕੁਝ ਪੈਰੋਕਾਰ ਔਰਤਾਂ ਨੇ ਆਪਣੀਆਂ 'ਤਾਂਤ੍ਰਿਕ' (ਜਾਦੂਈ) ਸ਼ਕਤੀਆਂ ਰਾਹੀਂ ਭਾਈ ਮਰਦਾਨਾ ਨੂੰ ਮੋਹ ਲਿਆ। ਜਦੋਂ ਗੁਰੂ ਨਾਨਕ ਉਨ੍ਹਾਂ ਦੀ ਖੋਜ ਵਿਚ ਗਏ, ਤਾਂ ਉਹੀ ਔਰਤਾਂ ਉਨ੍ਹਾਂ ਨੂੰ ਵੀ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਨ ਲੱਗੀਆਂ ਪਰ ਅੰਤ ਅਸਫ਼ਲ ਰਹੀਆਂ। ਐਪੀਸੋਡ ਇਹ ਉਜਾਗਰ ਕਰਦਾ ਹੈ ਕਿ ਔਰਤਾਂ ਨੂੰ ਝਿੜਕਣ ਦੀ ਬਜਾਏ, ਗੁਰੂ ਨਾਨਕ ਨੇ ਆਪਣੀ ਰੂਹਾਨੀ ਬਾਣੀ ਰਾਹੀਂ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਬਦਲਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਇਕ ਸਬਦ ਰਾਹੀਂ ਇਹ ਵਿਚਾਰ ਪ੍ਰਗਟ ਕੀਤਾ ਕਿ ਜੇ ਕਰਮ ਚੰਗੇ ਹੋਣ, ਤਾਂ ਮਨ ਗੁਣਾਂ ਦੀ ਮਾਲਾ ਦਾ ਧਾਗਾ ਬਣ ਜਾਂਦਾ ਹੈ। ਇਸ ਸੂਝ ਤੋਂ ਮਿਲਿਆ ਗਿਆਨ ਅਮੁਲ ਹੈ ਅਤੇ ਚੇਤਨਾ ਦੇ ਤਾਣੇ-ਬਾਣੇ ਵਿਚ ਬੁਣਿਆ ਜਾਂਦਾ ਹੈ। ਜਦੋਂ ਔਰਤਾਂ ਉਨ੍ਹਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦੀਆਂ ਰਹੀਆਂ, ਤਾਂ ਉਹ ਆਪਣੇ ਸਿਧਾਂਤਾਂ 'ਤੇ ਅਡੋਲ ਰਹੇ ਅਤੇ ਉਨ੍ਹਾਂ ਨੂੰ ਝਿੜਕਣ ਦੀ ਬਜਾਏ ਇਕ ਹੋਰ ਸਬਦ ਗਾਇਨ ਕੀਤਾ। ਐਪੀਸੋਡ ਸਿੱਟਾ ਕੱਢਦਾ ਹੈ ਕਿ ਗੁਰੂ ਨਾਨਕ ਦੇ ਗਿਆਨਭਰਪੂਰ ਬਚਨਾਂ ਨੂੰ ਸੁਣਕੇ, ਇਹਨਾਂ ਔਰਤਾਂ ਦੀਆਂ ਭਰਮਮਈ ਧਾਰਣਾਵਾਂ ਦੂਰ ਹੋ ਗਈਆਂ।

ਇਹ ਘਟਨਾ ਗੁਰੂ ਨਾਨਕ ਦੀ ਇਸ ਧਾਰਣਾ ਨੂੰ ਕਿਵੇਂ ਉਜਾਗਰ ਕਰਦੀ ਹੈ ਕਿ ਸਭ ਲੋਕਾਂ ਵਿਚ ਚੰਗਿਆਈ ਦੀ ਸੰਭਾਵਨਾ ਮੌਜੂਦ ਹੁੰਦੀ ਹੈ ਅਤੇ ਰੂਹਾਨੀ ਤਬਦੀਲੀ ਝਿੜਕਣ ਜਾਂ ਸਜ਼ਾ ਦੇਣ ਦੀ ਬਜਾਏ ਗਿਆਨ ਰਾਹੀਂ ਆਉਂਦੀ ਹੈ?

੬. ਗੁਰੂ ਨਾਨਕ ਹਿਰਨ ਦੀ ਦ੍ਰਿਸ਼ਟੀ ਦੇ ਰੂਪਕ ਦੀ ਵਰਤੋਂ ਕਰ ਧਿਆਨ ਅਤੇ ਭਟਕਣਾਂ ਬਾਰੇ ਆਪਣੇ ਵਿਚਾਰ ਕਿਵੇਂ ਪ੍ਰਗਟ ਕਰਦੇ ਹਨ?

ਐਪੀਸੋਡ ਇਕ ਵਿਲੱਖਣ ਰੂਪਕ ਪੇਸ਼ ਕਰਦਾ ਹੈ, ਜਿਸ ਨੂੰ ਗੁਰੂ ਨਾਨਕ ਦੁਆਰਾ ਇਕ ਯਾਤਰੀ ਨੂੰ ਉੱਤਰ ਦੇਣ ਹਿਤ ਵਰਤਿਆ ਗਿਆ, ਜਿਸ ਨੇ ਅਮੀਰ ਸੋਨਾਰਗਾਂਵ ਨਗਰੀ ਦੀ ਯਾਤਰਾ ਬਾਰੇ

ਪੁੱਛਿਆ ਸੀ। ਉਨ੍ਹਾਂ ਨੇ ਇਕ ਸ਼ਬਦ ਗਾਇਨ ਕੀਤਾ, ਜਿਸ ਵਿੱਚ ਰੂਪਕ ਦੀ ਵਰਤੋਂ ਰਾਹੀਂ ਸਮਝਾਇਆ ਕਿ ਪਹਿਲਾਂ, ਵਿਅਕਤੀ ਨੂੰ ਵਸਤੂ ਦੀ ਜਾਂਚ ਕਰਨੀ ਚਾਹੀਦੀ ਹੈ, ਫਿਰ ਇਕੱਲੇ ਸੌਦਾ ਕਰਨਾ ਚਾਹੀਦਾ ਹੈ। ਦ੍ਰਿੜ ਰਹੋ, ਨਕਾਰਾਤਮਕਤਾ ਤੋਂ ਬਚੋ ਅਤੇ ਸਕਾਰਾਤਮਕਤਾ ਨੂੰ ਅਪਣਾਓ। ਮ੍ਰਿਗ ਦਾ ਰੂਪਕ ਦਿਲਚਸਪ ਹੈ, ਕਿਉਂਕਿ ਇਹ ਪ੍ਰਗਟ ਕਰਦਾ ਹੈ ਕਿ ਮ੍ਰਿਗ ਕੁਦਰਤੀ ਤੌਰ 'ਤੇ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਦੂਰ-ਦੂਰ ਤੱਕ ਵੇਖ ਸਕਦਾ ਹੈ, ਪਰ ਇਸ ਦੀਆਂ ਅੱਖਾਂ ਵਿਸ਼ੇਸ਼ ਵੇਰਵਿਆਂ ‘ਤੇ ਧਿਆਨ ਕੇਂਦ੍ਰਤ ਕਰਨ ਵਿਚ ਅਸਮਰਥ ਹੁੰਦੀਆਂ ਹਨ, ਜਿਸ ਕਾਰਣ ਇਸ ਵਿਚ ਨਿੱਠ ਕੇ ਵੇਖਣ ਦੀ ਯੋਗਤਾ ਸੀਮਤ ਰਹਿ ਜਾਂਦੀ ਹੈ। ਗੁਰੂ ਨਾਨਕ ਇਸ ਉਦਾਹਰਣ ਦੀ ਵਰਤੋਂ ਇਹ ਸਲਾਹ ਦੇਣ ਲਈ ਕਰਦੇ ਹਨ ਕਿ ਵਿਅਕਤੀ ਨੂੰ ਗੂੜ੍ਹ, ਸਕਾਰਾਤਮਕ ਸੰਬੰਧ ਵਿਕਸਿਤ ਕਰਨ ‘ਤੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ, ਨਾ ਕਿ ਉਤਲੇ ਸੰਸਾਰਿਕ ਆਕਰਸ਼ਣਾਂ ਵਿਚ ਖਚਤ ਹੋਣਾ ਚਾਹੀਦਾ ਹੈ। ਇਹ ਰੂਪਕ ਗੁਰੂ ਨਾਨਕ ਦੇ ਵਿਚਾਰਾਂ ਨੂੰ ਨਾ ਕਿ ਸਤਹੀ ਕਾਰਜਾਂ ਵਿਚ ਖਿੰਡੇ ਰਹਿਣ ਦੀ ਥਾਂ ਵਿਵੇਕ, ਧਿਆਨ ਅਤੇ ਅਰਥਪੂਰਨ ਸੰਬੰਧਾਂ ਨੂੰ ਸਿਰਜਨ ਦੇ ਮਹੱਤਵ ਬਾਰੇ ਕਿਵੇਂ ਸਪੱਸ਼ਟ ਕਰਦਾ ਹੈ?